ਕੈਨੇਡਾ ਦਰਪਣ

ਅਕਤੂਬਰ 28, 1983

October 28, 1983

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਕੈਨੇਡਾ ਦਰਪਣ ਦਾ ਇਹ ਅੰਕ ਚਰਨਜੀਤ ਕੌਰ ਗਿੱਲ ਤੋਂ ਪ੍ਰਾਪਤ ਹੋਇਆ।

EAST INDIAN COMMUNITY NEWSPAPER

ਹਫ਼ਤੇਵਾਰ ਕੀਮਤ 25¢

SECOND CLASS MAIL — Reg. No. 5991

ਕੈਨੇਡਾ ਦਰਪਣ

P.O. BOX 67344 STN. 'O'
VANCOUVER, B.C. V5W 3T1

Vol. 2 No. 23 Weekending Oct. 28, 1983
PHONE. (604)321-6360

The Canada Darpan
Punjabi Weekly Newspaper

"ਸਿੱਖ ਅਤਿਵਾਦੀ ਨਹੀਂ, ਸਿੱਖ ਸੂਰਬੀਰ ਹੈ— —ਸਾਹਮਣੇ ਆ ਕੇ ਲੜਦਾ ਹੈ"

—ਹਰਭਜਨ ਸਿੰਘ ਯੋਗੀ



ਵੈਨਕੂਵਰ—ਹਰਭਜਨ ਸਿੰਘ ਯੋਗੀ, ਜੋ ਵੈਨਕੂਵਰ ਦੇ ਦੌਰੇ ਤੇ ਹਨ, ਨੇ 'ਕੈਨੇਡਾ ਦਰਪਣ' ਦੇ ਸੰਪਾਦਕ ਨਾਲ ਗੱਲਬਾਤ ਕਰਦਿਆਂ ਕਿਹਾ, "ਇਹ ਸਿੱਖ ਤਾਂ ਨਹੀਂ ਕਰਦੇ ਪਏ। ਇਹਦਾ ਸਿੱਖਾਂ ਨਾਲ ਕੋਈ ਵਾਸਤਾ ਨਹੀਂ। ਸਿੱਖ ਅਤਿਵਾਦੀ ਨਹੀਂ, ਸਿੱਖ ਸੂਰਬੀਰ ਹੈ। ਬਹਾਦਰ ਹੈ, ਯੋਧਾ ਹੈ। ਸਾਹਮਣੇ ਆ ਕੇ ਲੜਦਾ ਹੈ। ਇਹ ਤਾਂ ਸਿੱਖਾਂ ਨੂੰ ਬਦਨਾਮ ਕੀਤਾ ਜਾ ਰਿਹਾ ਹੈ। ਸਿੱਖਾਂ ਤੇ ਹਮਲੇ ਕੀਤੇ ਜਾ ਰਹੇ ਨੇ।" ਆਪਣੀ ਇੰਟਰਵਿਊ ਵਿਚ ਸ਼੍ਰੀ ਯੋਗੀ ਜੀ ਨੇ ਸਾਰਾ ਦੋਸ਼ ਕਮਿਊਨਿਸਟਾਂ ਤੇ ਥੱਪਣ ਦੀ ਕੋਸ਼ਿਸ਼ ਕੀਤੀ। ਜਦ ਕਿ ਪੰਜਾਬ ਦੀ ਜਾਂ ਹਿਂਦੁਸਤਾਨ ਦੀ ਕਿਸੇ ਏਜੰਸੀ, ਕਿਸੇ ਰਾਜਸੀ ਪਾਰਟੀ ਜਾਂ ਕਿਸੇ ਸਰਕਾਰੀ ਅਧਿਕਾਰੀ ਨੇ ਅਜਿਹਾ ਦੋਸ਼ ਕਦੀ ਨਹੀਂ ਲਾਇਆ। ਸ਼੍ਰੀ ਯੋਗੀ ਜੀ ਨੇ ਇਸ ਨੂੰ "ਆਪਣੀ ਇਨਫਰਮੇਸ਼ਨ" ਤੇ ਆਧਾਰਤ ਕਿਹਾ। ਅੱਗੇ ਜਾ ਕੇ ਉਹਨਾਂ ਕਿਹਾ ਕਿ ਕੋਈ ਸਰਕਾਰ ਓਨਾ ਚਿਰ ਗੱਲਬਾਤ ਨਹੀਂ ਨਿਬੇੜ ਸਕਦੀ ਜਿੰਨਾਂ ਚਿਰ ਗੱਲਬਾਤ ਨਾ ਹੋਵੇ। (ਪੂਰੀ ਮੁਲਾਕਾਤ ਅੰਦਰ ਪੜ੍ਹੋ)

ਸਿੱਖ ਸੁਸਾਇਟੀ ਨੂੰ ਨਵੀਂ ਬਿਲਡਿੰਗ ਬਣਾਉਣ ਦੀ ਖੁੱਲ੍ਹ

2 ਅਕਤੂਬਰ 83 ਨੂੰ ਹੋਈ ਇਕ ਮੀਟਿੰਗ ਵਿਚ ਸਿਖ ਸੁਸਾਇਟੀ ਆਫ ਮੈਨੀਟੋਬਾ ਦੇ ਮੈਂਬਰਾਂ ਨੇ ਪਿਛਲੇ ਸਾਲ ਖਰੀਦੀ ਗਈ 19 ਏਕੜ ਜ਼ਮੀਨ ਵਿਚ ਜੋ ਕਿ ਵਿਨੀਪੈਗ ਵਿਚ ਮੈਪਲ ਦੇ ਉਤਰ ਵਿਚ ਹੈ ਵਿਚ ਨਵੀਂ ਬਿਲਡਿੰਗ ਬਣਾਉਣ ਦੇ ਲਈ ਆਪਣੀ ਸਹਿਮਤੀ ਦੇ ਦਿਤੀ। ਇਸ ਦੇ ਬਣ ਜਾਣ ਨਾਲ ਮੈਨੀਟੋਬਾ ਪ੍ਰਾਂਤ ਵਿਚ ਰਹਿ ਰਹੀ ਸਿਖ ਕਮਿਊਨਿਟੀ ਦੀਆਂ ਬਹੁਪੱਖੀ ਲੋੜਾਂ ਪੂਰੀਆਂ ਹੋ ਜਾਣਗੀਆਂ। ਸ਼ੁਰੂ ਸ਼ੁਰੂ ਵਿਚ ਇਸ ਥਾਂ ਦੀ ਯੋਗਤਾ ਬਾਰੇ ਭਿੰਨ ਭਿੰਨ ਵਿਚਾਰਾਂ ਕਾਰਨ ਕੁਝ ਔਕੜਾਂ ਵੀ ਪੇਸ਼ ਆਈਆਂ। 2 ਅਕਤੂਬਰ 83 ਦੀ ਹੋਈ ਮੀਟਿੰਗ ਵਿਚ ਹਰ ਕਿਸੇ ਨੇ ਆਪਣਾ ਵਿਅਕਤੀਗਤ ਵਿਚਾਰ ਤਿਆਗ ਕੇ ਇਸੇ ਵਿਚ ਸਿਆਣਪ ਸਮਝੀ ਕਿ ਇਸੇ ਹੀ ਜ਼ਮੀਨ ਤੇ ਨਵੀਂ ਬਿਲਡਿੰਗ ਉਸਾਰੀ ਜਾਵੇ। ਸਰਬ ਸੰਮਤੀ ਨਾਲ ਮਤਾ ਪਾਸ ਹੋਇਆ। ਸੁਸਾਇਟੀ ਦੇ ਵਿਧਾਨ ਅਨੁਸਾਰ ਅਗਜ਼ੈਕਟਿਵ ਕਮੇਟੀ ਨੂੰ ਦਸ ਹਜ਼ਾਰ ਡਾਲਰ ਤੋਂ ਵਧ ਖਰਚੇ ਦੀ ਹਰ ਯੋਜਨਾ ਲਈ ਜਨਰਲ ਬਾਡੀ [illegible]

ਸਿਖ ਸੁਸਾਇਟੀ ਜਿਸ ਦਾ ਵਰਤਮਾਨ ਕਾਲ ਦਾ ਗੁਰੂ ਘਰ Cathlart street Charlsewood ਤੇ ਹੈ। ਇਸ ਪ੍ਰਾਂਤ ਦੀ ਸਭ ਤੋਂ ਪੁਰਾਣੀ ਅਤੇ ਵੱਡੀ ਸਿਖ ਸੰਸਥਾ ਹੈ। ਜਿਸਦੀ ਮੈਂਬਰਸ਼ਿਪ 850 ਹੈ। ਨਵਾਂ ਗੁਰੂ ਘਰ ਬਣਾਉਣ ਲਈ ਪਿਛਲੇ ਸਾਲ ਮਈ ਵਿਚ 19 ਏਕੜ ਜ਼ਮੀਨ ਦਾ ਟੋਟਾ 100,000 ਡਾਲਰ ਦੀ ਕੀਮਤ ਤੇ ਖਰੀਦਿਆ ਗਿਆ ਸੀ। ਮਈ ਅਤੇ ਅਗਸਤ 82 ਵਿਚ 72000 ਡਾਲਰ ਅਦਾ ਕਰ ਦਿਤੇ ਗਏ। ਇਸ ਦਾ ਦਸ ਹਜ਼ਾਰ ਡਾਲਰ ਦਾ ਹਿਸਾ ਬੀ. ਸੀ. ਦੇ ਕਈ ਸ਼ਹਿਰਾਂ ਜਿਵੇਂ ਐਬਟਸਫੋਰਡ. ਮਿਸ਼ਨ, ਮੈਰਿਟ, ਸਰੀ ਅਤੇ ਵੈਨਕੂਵਰ ਵਿਚ ਵਸਦੇ ਸਿੱਖਾਂ ਨੇ ਦਿੱਤਾ। ਬਾਕੀ ਰਕਮ ਮੈਨੀਟੋਬਾ ਦੇ ਸਿਖਾਂ ਵਲੋਂ ਦਾਨ ਵਜੋਂ ਆਈ। ਜੇ ਕੁਝ ਆਪਸੀ ਮਤਭੇਦ ਅਤੇ ਸ਼ੱਕ ਆਦਿ ਨਾ ਹੁੰਦੇ ਤਾਂ 1982 ਦੇ ਅੰਤ ਤੱਕ ਸੁਸਾਇਟੀ ਵਲੋਂ ਇਸ ਸੌਦੇ ਦਾ ਪੂਰਾ ਭੁਗਤਾਨ ਹੋ ਗਿਆ ਹੁੰਦਾ। ਪਰ ਚਲੋ ਕਥਨ ਅਨੁਸਾਰ ਨਾ ਹੋਣ ਨਾਲੋਂ ਦੇਰ ਵੀ ਠੀਕ ਹੀ ਹੈ।

31 ਲੱਖ ਕੈਨੇਡੀਅਨ ਬੇਰੁਜ਼ਗਾਰੀ ਭੱਤੇ ਤੇ

ਅਟਵਾ— 1982 ਵਿਚ 31 ਲੱਖ ਵਿਅਕਤੀਆਂ ਨੇ ਬੇਰੁਜ਼ਗਾਰੀ ਭੱਤਾ ਲਿਆ ਜਦ ਕਿ 1981 ਵਿਚ 24 ਲੱਖ ਸੀ। ਇਕ ਸਾਲ ਵਿਚ 28 ਫੀ ਸਦੀ ਦਾ ਵਾਧਾ ਕੈਨੇਡਾ ਦੀ ਆਰਥਿਕ ਦਸ਼ਾ ਦੀ ਮੂੰਹ ਬੋਲਦੀ ਤਸਵੀਰ ਹੈ।

ਅਲਬਰਟਾ ਵਿਚ ਜਿਥੇ 1981 ਵਿਚ ਇਕ ਲੱਖ 18 ਹਜ਼ਾਰ ਵਿਅਕਤੀ ਬੇਰੁਜ਼ਗਾਰੀ ਭੱਤੇ ਤੇ ਸਨ ਉਥੇ 1982 ਵਿਚ 83 ਫੀ ਸਦੀ ਦਾ ਵਾਧਾ ਹੋ ਕੇ ਇਹ ਗਿਣਤੀ 2 ਲੱਖ 16 ਹਜ਼ਾਰ ਤੇ ਜਾ ਪਹੁੰਚੀ।

ਬੇਰੁਜ਼ਗਾਰੀ ਭੱਤੇ ਦੇਣ ਤੇ ਸਰਕਾਰ ਦਾ ਪਿਛਲੇ ਸਾਲ 8 ਬਿਲੀਅਨ ਡਾਲਰ ਖਰਚ ਹੋਇਆ। 1983 ਵਿਚ ਇਹ ਸਾਢੇ ਗਿਆਰਾਂ ਬਿਲੀਅਨ ਡਾਲਰ ਹੋਣ ਦੀ ਸੰਭਾਵਨਾ ਹੈ।

ਪੰਜਾਬ ਵਿਚ ਮੁੜ ਹਿੰਸਾ ਜਾਰੀ

ਚੰਡੀਗੜ੍ਹ—ਪੰਜਾਬ ਵਿਚ ਹਿੰਸਾਤਮਕ ਘਟਨਾਵਾਂ ਮੁੜ ਚਾਲੂ ਹੋ ਗਈਆਂ ਹਨ। ਰਾਸ਼ਟਰਪਤੀ ਰਾਜ ਲਾਗੂ ਹੋਣ ਤੇ ਸੁਰੱਖਿਆ ਪ੍ਰਬੰਧ ਮਜ਼ਬੂਤ ਕਰਨ ਦੇ ਬਾਵਜੂਦ ਪੰਜਾਬ ਦੇ ਵੱਖ ਵੱਖ ਹਿੱਸਿਆਂ ਵਿਚ ਹਿੰਸਾ-ਭਰਪੂਰ ਘਟਨਾਵਾਂ ਘਟਣ ਦੀ ਥਾਂ ਵਧੀਆ ਹਨ। ਅਗਿਆਤ ਬੰਦੂਕਧਾਰੀਆਂ ਨੇ ਅੰਮ੍ਰਿਤਸਰ ਵਿਚ ਇਕ ਬੱਸ ਤੇ ਸਵਾਰ ਪੁਲਸ ਦੇ ਸਿਪਾਹੀ ਨੂੰ ਗੋਲੀ ਮਾਰੀ ਦਿਤੀ ਤੇ ਇਕ ਹੋਰ ਨੂੰ ਜ਼ਖਮੀ ਕਰ ਦਿਤਾ। ਰਾਜਧਾਨੀ ਚੰਡੀਗੜ੍ਹ ਵਿਚ ਕਥਿਤ ਅਤਿਵਾਦੀਆਂ ਨੇ ਇਕ ਪੁਲਸ ਸਟੇਸ਼ਨ ਤੇ ਵੀ ਹੈਂਡ ਗਰਨੇਡ ਸੁਟਿਆ ਉਹ ਹੈਂਡ ਗਰਨੇਡ ਫੌਜ ਦਾ ਦੱਸਿਆ ਗਿਆ ਹੈ।

ਚੰਡੀਗੜ੍ਹ ਵਿਚ ਰਾਮ ਲੀਲ੍ਹਾ ਤੇ ਸੁੱਟੇ ਗਏ ਬੰਬ ਕਾਰਨ ਤਿੰਨ ਵਿਅਕਤੀਆਂ ਦੇ ਮਾਰੇ ਜਾਣ ਵਿਰੁਧ ਚੰਡੀਗੜ੍ਹ ਵਿਚ ਭਾਰੀ ਮੁਜ਼ਾਹਰਾ ਹੋਇਆ। ਮੁਜ਼ਾਹਰਾ ਕਰ ਰਹੀ ਭੀੜ ਨੂੰ ਕਾਬੂ ਕਰਨ ਲਈ ਪੁਲਸ ਵਲੋਂ ਹੰਝੂ ਗੈਸ ਤੇ ਲਾਠੀਚਾਰਜ ਕੀਤਾ ਗਿਆ ਜਿਸ ਵਿਚ 20 ਵਿਅਕਤੀਆਂ ਦੇ [illegible] ਗਰਨੇਡ ਕਾਰਨ ਦੋ ਵਿਅਕਤੀ ਜ਼ਖਮੀ ਹੋਏ।

ਭਾਰਤ ਦੇ ਪ੍ਰੋ: ਚੰਦਰਸ਼ੇਖਰ ਨੂੰ ਨੋਬਲ ਇਨਾਮ

ਸਟਾਕਹੋਮ—ਭਾਰਤੀ ਪਿਛੋਕੜ ਦੇ ਡਾ: ਸੁਬਰਾਮਾਨੀਅਮ ਚੰਦਰਸ਼ੇਖਰ ਨੂੰ ਸਿਤਾਰਿਆਂ ਦੀ ਖੋਜ ਕਰਨ ਤੇ ਫਿਜ਼ਿਕਸ ਦਾ 1983 ਦਾ ਨੋਬਲ ਇਨਾਮ ਦਿਤਾ ਗਿਆ ਹੈ।

73 ਸਾਲ ਦੇ ਪ੍ਰੋ: ਚੰਦਰ ਸ਼ੇਖਰ 40 ਸਾਲ ਤੋਂ ਸਿਤਾਰਿਆਂ ਦੀ ਖੋਜ ਵਿਚ ਜੁਟੇ ਹੋਏ ਸਨ ਤੇ ਅੱਜ ਕੱਲ੍ਹ ਸ਼ਿਕਾਗੋ ਯੂਨੀਵਰਸਿਟੀ ਵਿਚ ਹਨ। ਚੰਦਰ ਸ਼ੇਖਰ ਨੂੰ ਇਹ ਇਨਾਮ ਉਨ੍ਹਾਂ ਦੇ 73ਵੇਂ ਜਨਮ ਦਿਨ ਤੇ ਮਿਲਿਆ।

ਚੰਦਰ ਸ਼ੇਖਰ ਨੂੰ ਸਿਤਾਰਿਆਂ ਦੀ ਜਾਣਕਾਰੀ ਬਾਰੇ ਦੁਨੀਆਂ ਵਿਚ ਨਿਪੁੰਨ ਗਿਣਿਆ ਜਾਂਦਾ ਹੈ। ਨੋਬਲ ਇਨਾਮ ਅਕੈਡਮੀ ਨੇ ਕਿਹਾ ਕਿ 1930 ਤੋਂ ਪ੍ਰੋ: ਚੰਦਰਸ਼ੇਖਰ ਇਸ ਖੋਜ ਵਿਚ ਜੁਟੇ ਹੋਏ ਸਨ।

ਅੰਦਰ ਪੜ੍ਹੋ :—

ਸ਼੍ਰੋਮਣੀ ਕਮੇਟੀ ਜਥਾ ਨਹੀਂ ਭੇਜੇਗੀ?

ਅੰਮ੍ਰਿਤਸਰ—ਸ਼੍ਰੋਮਣੀ ਕਮੇਟੀ ਵਲੋਂ ਗੁਰ ਨਾਨਕ ਦੇਵ ਜਨਮ ਉਤਸਵ ਦੇ ਸਬੰਧ ਵਿਚ 3 ਹਜ਼ਾਰ ਸਿਖ ਯਾਤਰੀਆਂ ਦਾ ਪਾਕਿਸਤਾਨ ਦੌਰਾ ਰੱਦ ਕਰ ਦੇਣ ਦੀ ਸੰਭਾਵਨਾ ਹੈ। ਅਜਿਹਾ ਪਾਕਿਸਤਾਨ ਵਲੋਂ ਕੋਟਾ ਅਧਾ ਕਰ ਦੇਣ ਵਿਰੁਧ ਰੋਸ ਵਜੋਂ ਕੀਤਾ ਜਾਏਗਾ। ਤਾਂ ਵੀ ਮਾਮਲੇ ਬਾਰੇ ਫੈਸਲਾ ਸ਼੍ਰੋਮਣੀ ਕਮੇਟੀ ਦੀ ਐਗਜ਼ੈਕਟਿਵ ਦੀ 14 ਅਕਤੂਬਰ ਨੂੰ ਹੋਣ ਵਾਲੀ ਮੀਟਿੰਗ ਵਿਚ ਲਿਆ ਗਿਆ।

ਸ਼੍ਰੋਮਣੀ ਕਮੇਟੀ ਨੇ ਪਾਕਿਸਤਾਨ ਦੇ ਫੌਜੀ ਪਰਧਾਨ ਜ਼ਿਆ ਨੂੰ ਫੈਸਲਾ ਬਦਲਣ ਲਈ ਤਾਰ ਵੀ ਭੇਜੀ ਹੈ।

'ਕੈਨੇਡਾ ਦਰਪਣ' ਦਾ ਪਹਿਲਾ ਸਾਲਾਨਾ ਅੰਕ ਤੇ ਦੀਵਾਲੀ ਅੰਕ 4 ਨਵੰਬਰ ਨੂੰ

ਵਪਾਰੀ ਵੀਰ ਅੱਜ ਹੀ ਐਡਵਰਟਾਈਜ਼ਮੈਂਟ ਲਈ ਥਾਂ ਰਾਖਵੀਂ ਕਰ ਲੈਣ।
ਮੈਟਰ 1 ਨਵੰਬਰ ਤੱਕ ਪਹੁੰਚਣਾ ਜ਼ਰੂਰੀ ਹੈ।
ਇਹ ਦੋ ਰੰਗਾ ਸ਼ਾਨਦਾਰ ਅਤੇ ਯਾਦਗਾਰੀ ਅੰਕ ਹੋਵੇਗਾ।

ਕੈਨੇਡਾ ਦਰਪਣ

ਵਰਕਰਾਂ ਦੇ ਸੰਗਠਨ 'ਸੌਲੇਡੈਰਿਟੀ' ਵਲੋਂ ਸੋਕਰਡ ਸਰਕਾਰ ਵਿਰੁਧ ਜ਼ਬਰਦਸਤ ਮੁਜ਼ਾਹਰਾ

ਵੈਨਕੂਵਰ ਦੇ ਇਤਿਹਾਸ ਵਿਚ ਦੂਜਾ ਵੱਡਾ ਰੋਸ ਜਲੂਸ

ਵੈਨਕੂਵਰ—ਸੋਕਰਡ ਸਰਕਾਰ ਦੀਆਂ ਧੱਕੇਸ਼ਾਹ ਨੀਤੀਆਂ ਵਿਰੁੱਧ ਬੀ. ਸੀ. ਦੇ ਸਮੁੱਚੇ ਲੋਕ ਉਠ ਖਲੋਤੇ ਹਨ। 15 ਅਕਤੂਬਰ ਨੂੰ ਡਾਊਨ ਟਾਊਨ ਵਿਚ ਮੁਜ਼ਾਹਰੇ ਦੇ ਦ੍ਰਿਸ਼ ਵੇਖਣ ਯੋਗ ਸਨ। ਇਸ ਵਿਚ ਵੱਖ ਵੱਖ ਅਨੁਮਾਨਾਂ ਅਨੁਸਾਰ ਪੰਜਾਹ ਹਜ਼ਾਰ ਤੋਂ ਸੱਤਰ ਹਜ਼ਾਰ ਦੀ ਗਿਣਤੀ ਦੱਸੀ ਗਈ ਹੈ। ਇਸ ਦਿਨ ਡਾਊਨ ਟਾਊਨ ਵਿਚ ਸ਼ੋਸ਼ਲ ਕਰੈਡਿਟ ਵਾਲੇ ਆਪਣੀ ਸਾਲਾਨਾ ਕਾਨਫਰੰਸ ਵੈਨਕੂਵਰ ਹੋਟਲ ਵਿਚ ਕਰ ਰਹੇ ਸਨ।

ਝੰਡਿਆਂ, ਅਤੇ ਬੈਨਰਾਂ ਨਾਲ ਲੋਕਾਂ ਦਾ ਠਾਠਾਂ ਮਾਰਦਾ ਸਮੁੰਦਰ ਦੋ ਘੰਟੇ ਤੱਕ ਡਾਊਨ ਟਾਊਨ ਵਿਚ ਚਲਦਾ ਰਿਹਾ। ਬੈਨਰਾਂ ਉਤੇ ਲਿਖਿਆ ਹੋਇਆ ਸੀ 'ਬੈਨਟ ਮਸਟ ਗੋ'। ਕੁਝ ਸੋਸ਼ਲ ਕਰੈਡਿਟ ਦੇ ਮੈਂਬਰਾਂ ਦੇ ਇਸ ਠਾਠਾਂ ਮਾਰਦੇ ਸਮੁੰਦਰ ਨੂੰ ਤੱਕ ਕੇ ਮੂੰਹ ਲੱਥੇ ਹੋਏ ਦੇਖੇ ਗਏ। ਇਸ ਮੁਜ਼ਾਹਰੇ ਤੋਂ ਅਨੁਮਾਨ ਲਾਇਆ ਜਾ ਰਿਹਾ ਹੈ ਕਿ ਜੇ ਸੋਕਰਡ ਸਰਕਾਰ 1600 ਸਰਕਾਰੀ ਵਰਕਰਾਂ ਨੂੰ ਕੰਮ ਤੋਂ ਹਟਾਉਣ ਤੇ ਤੁਲੀ ਰਹੀ ਤਾਂ ਪਹਿਲੀ ਨਵੰਬਰ ਨੂੰ ਆਮ ਹੜਤਾਲ ਦਾ ਸੱਦਾ ਸੌਲੇਡੈਰਿਟੀ ਵਲੋਂ ਦਿਤਾ ਜਾਵੇਗਾ। ਪੱਤਰਕਾਰਾਂ ਨੇ ਜਦੋਂ ਬਿਲ ਬੈਨਟ ਨੂੰ ਪੁਛਿਆ ਕਿ ਜੇ ਪਹਿਲੀ ਨਵੰਬਰ ਨੂੰ ਹੜਤਾਲ ਹੋ ਗਈ ਤਾਂ ਬੀ. ਸੀ. ਸਰਕਾਰ ਦਾ ਕੀ ਵਤੀਰਾ ਹੋਵੇਗਾ। ਬਿਲ ਬੈਨਟ ਇਹ ਕਹਿ ਕੇ ਟਾਲ ਗਿਆ ਕਿ ਬੀ. ਸੀ. ਵਾਲੇ ਕੰਮ ਕਰਨਾ ਚਾਹੁੰਦੇ ਹਨ।

ਈਸਟ ਇੰਡੀਅਨ ਕਮਿਊਨਿਟੀ ਦੀਆਂ ਤਿੰਨ ਪ੍ਰਤੀਨਿਧ ਸੰਸਥਾਵਾਂ ਸਿੱਖ ਸੌਲੇਡੈਰਿਟੀ (ਜੋ ਚਰਨਪਾਲ ਗਿੱਲ ਦੇ ਯਤਨਾਂ ਨਾਲ ਸਥਾਪਤ ਹੋਈਆਂ ਹਨ) ਬੀ. ਸੀ. ਸੰਘਰਸ਼ ਸੰਮਤੀ ਤੇ ਫਾਰਮ ਵਰਕਰਜ਼ ਯੂਨੀਅਨ ਦੇ ਪ੍ਰਤੀਧਿਨ ਵੀ ਸ਼ਾਮਲ ਸਨ। ਪਰ ਭਾਰਤੀ ਕਮਿਊਨਿਟੀ ਦੇ ਕੁਝ ਕੁ ਗਿਣਤੀ ਦੇ ਲੋਕ ਹੀ ਸ਼ਾਮਲ ਸਨ। ਬੀ. ਸੀ. ਦੀ ਸੋਕਰਡ ਸਰਕਾਰ ਵਿਰੁੱਧ ਜਿੰਨਾਂ ਨੇ ਮਨੁੱਖੀ ਹੱਕਾਂ ਨੂੰ ਕੁਚਲਣ ਦਾ ਯਤਨ ਕੀਤਾ ਹੈ ਕਮਿਊਨਿਟੀ ਵਿਚ ਚੇਤਨਤਾ ਪੈਦਾ ਕਰਨ ਦੀ ਲੋੜ ਮੰਗਦੀ ਹੈ



ਵਰਕਰ ਬੈਨਟ ਸਰਕਾਰ ਦਾ ਅਸਤੀਫਾ ਮੰਗਦੇ ਹੋਏ

ਖਾਲਸਾ ਕਲੱਬ ਵਲੋਂ ਜਰਨੈਲ ਸਿੰਘ ਦਾ ਸਨਮਾਨ




ਸ: ਸ਼ਿਗਾਰਾ ਸਿੰਘ ਜਰਨੈਲ ਸਿੰਘ ਹੋਰਾਂ ਦਾ ਸਨਮਾਨ ਕਰਦ ਹਦ



ਖਾਲਸਾ ਕਲੱਬ ਦੇ ਜੁਗਿੰਦਰ ਝੂਟੀ, ਜਰਨੈਲ ਸਿੰਘ ਤੇ ਪ੍ਰਲਾਦ ਗਿੱਲ ਪਾਰਟੀ ਸਮੇਂ

ਵੈਨਕੂਵਰ—16 ਅਕਤੂਬਰ ਨੂੰ ਕੋਹਿਨੂਰ ਰੈਸਟੋਰੈਂਟ ਵਿਚ(ਪੰਜਾਬੀ ਮਾਰਕਿਟ) ਫੁੱਟਬਾਲ ਦੇ ਪ੍ਰਸਿਧ ਖਿਲਾੜੀ ਤੇ ਪੰਜਾਬ ਸਪੋਰਟਸ ਦੇ ਡਾਇਰੈਕਟਰ ਸ: ਜਰਨੈਲ ਸਿੰਘ ਦੀ ਵੈਨਕੂਵਰ ਆਮਦ ਤੇ ਖਾਲਸਾ ਕਲੱਬ ਵਲੋਂ ਇਕ ਪਾਰਟੀ ਦਿੱਤੀ ਗਈ। ਜਰਨੈਲ ਸਿੰਘ ਬਾਰੇ ਸ੍ਰੀ ਸੋਹਣ ਸੁਰਿਦਰ ਸੰਘਾ, ਪ੍ਰਲਾਦ ਗਿੱਲ, ਸੋਹਣ ਸਿੰਘ ਦੇਓ, ਅਜਾਇਬ ਜੰਡਾ, ਜੁਗਿੰਦਰ ਝੂਟੀ, ਤੇ ਜੁਗਿੰਦਰ ਜੰਡਾ ਨੇ ਉਨ੍ਹਾਂ ਦੀ ਖੇਲ ਅਤੇ ਪੰਜਾਬੀਆਂ ਦਾ ਨਾਂ ਉੱਚਾ ਕਰਨ ਲਈ ਉਨ੍ਹਾਂ ਦੀ ਦੇਣ ਦਾ ਜ਼ਿਕਰ ਕੀਤਾ। ਜਰਨੈਲ ਸਿੰਘ ਪਹਿਲੇ ਪੰਜਾਬੀ ਸਨ ਜੋ ਕਲਕੱਤਾ ਦੀ ਮੋਹਣ ਬਗਾਨ ਕਲੱਬ ਵਿਚ ਖੇਡੇ। ਸਾਰੀ ਮਹਿਫਲ ਉਸ ਸਮੇਂ ਹੱਸ ਪਈ ਜਦ ਕੋਹਿਨੂਰ ਵਾਲਿਆਂ ਇਕ ਦੁੱਧ ਦਾ ਵੱਡਾ ਗਲਾਸ ਉਨ੍ਹਾਂ ਸਾਹਮਣੇ ਲਿਆ ਰੱਖਿਆ ਕਿਉਂਕਿ ਜਰਨੈਲ ਸਿੰਘ ਨੇ ਕਿਹਾ ਸੀ ਕਿ ਉਹ ਸ਼ੁਰੂ ਤੋਂ ਹੀ ਦੁੱਧ ਦੇ ਸ਼ੁਕੀਨ ਹਨ। (ਪੂਰੀ ਮੁਲਾਕਾਤ 'ਖੇਡ ਦਰਪਣ' ਵਿਚ ਪੜ੍ਹੋ)



ਛਪਦੇ ਛਪਦੇ ......

ਪੰਜਾਬੀ ਮਾਰਕਿਟ ਵਿਚ ਪੰਜਾਬੀ ਇੰਡੀਆ ਮਾਰਕਿਟ ਦੀ ਦੂਜੀ ਸਾਲਾਨਾ ਚੋਣ

ਵੈਨਕੂਵਰ—ਸ. ਦਲਜੀਤ ਸਿੰਘ ਸਿੱਧੂ ਦੀ ਸੂਚਨਾ ਅਨੁਸਾਰ 19 ਅਕਤੂਬਰ ਨੂੰ ਪੰਜਾਬੀ ਮਾਰਕਿਟ ਵਿਚ ਪੰਜਾਬੀ ਇੰਡੀਆ ਮਾਰਕਿਟ ਐਸੋਸੀਏਸ਼ਨ ਦੀ ਚੋਣ ਮੁਕੰਮਲ ਹੋ ਗਈ ਹੈ। ਉਹਨਾਂ ਅਨੁਸਾਰ ਹੇਠ ਲਿਖੇ ਅਹੁਦੇਦਾਰ ਪੰਜਾਬੀ ਇੰਡੀਆ ਮਾਰਕਿਟ ਐਸੋਸੀਏਸ਼ਨ ਦੇ ਸਾਲ 1983-84 ਲਈ ਚੁਣੇ ਗਏ ਹਨ।

1. ਦਲਜੀਤ ਸਿੰਘ ਸਿੱਧੂ — ਪ੍ਰਧਾਨ
2. ਮਸਤਾਨ ਸਿੰਘ ਲੇਲ੍ਹ — ਮੀਤ ਪ੍ਰਧਾਨ
3. ਮੁਕੰਦ ਮਕਣਜੀ — ਸਕੱਤਰ
4. ਹਰਕੰਵਲ ਸਿੰਘ ਥਿੰਦ — ਖਜ਼ਾਨਚੀ
5. ਸਤਵੰਤ ਸਿੰਘ ਸੰਧੂ — ਮੈਂਬਰ
6. ਬਲਵੰਤ ਕੈਂਥ — ਮੈਂਬਰ
7. ਸੁੱਚਾ ਸਿੰਘ ਕਲੇਰ (ਸਾਬਕਾ ਪ੍ਰਧਾਨ) — ਮੈਂਬਰ

VARIETY SHOW

ਪਾਕਿਸਤਾਨ ਦੇ ਫ਼ਿਲਮੀ ਸਿਤਾਰੇ
ਵੈਨਕੂਵਰ ਵਿੱਚ



Colourful Dances, Tasteful Songs and Hilarious Comedy

ਰੰਗੀਨ ਡਾਂਸ, ਵਧੀਆ ਕਵਾਲੀਆਂ, ਗਾਣੇ ਤੇ ਹਸਾਉਣੇ ਸ਼ੁਗਲ

ਮੁਹੰਮਦ ਅਲੀ ਸ਼ਾਖੀ , ਮਿਸ ਸ਼ਾਜ਼ੀਆ, ਅਖਲਾਕ ਅਹਿਮਦ, ਕਮਲਸ਼ਾਖੀ, ਮਿਸ ਰੋਹਨੀ ਬਾਨੋ, ਲਤੀਫ ਕਪਾਡੀਆ ਅਤੇ ਪਾਕਿਸਤਾਨ ਦੇ ਸੰਗੀਤਕਾਰ

The leading film, stage and TV artists like **Mohammad Ali Shahki, Miss Shazia, Akhlaq Ahmed, Kamalsakhi, Miss Rohani Banoo, Latif Kuppadia and leading musicians of Pakistan.**

Fraser & 41st. John Oliver School Audotorium Vancouver

On Saturday, Nov. 5, 83 7.00 P.M.

Ticket Price : $12.00, $8.00, $5.00

Tickets are available from :

Mann Music — (604)321-6667
Bombay Sweet — (604)321-1414
Pabla Cloth House — (604)324-5011
Patel Supermarket — (604)255-6729
Ambika Food — (604)327-0295
Main Printing Press — (604)873-6125
Samra Bros. — (604)581-2919
M.B. Supermarket — (604)584-8821
Gill Foods — (604)588-6216
India Supermarket — (604)321-8176
Amar Foods (Clearbrook)—(604)853-6458

ਹੋਰ ਜਾਣਕਾਰੀ ਲਈ ਫ਼ੋਨ ਕਰੋ :— ਫ਼ੋਨ — 590-4679 588-4762

THE CANADA DARPAN WEEKLY

P.O.BOX 67344 STN. 'O'
Vancouver, B.C. V5W 3T1

Chief Editor(Hon.) : DARSHAN GILL
Editor : HARBHAJAN SINGH DEOL
PHONE : (604)321-6360

ਸੰਪਾਦਕੀ

ਅਮਰੀਕਾ ਬਾਣੀ ਕੀ ਕਹਿੰਦੀ ਹੈ: ਪੰਜਾਬ ਵਿਚ ਰਾਸ਼ਟਰਪਤੀ ਰਾਜ ਕਿਉਂ ?

ਭਾਰਤੀ ਅਧਿਕਾਰੀਆਂ ਦਾ ਕਹਿਣਾ ਹੈ ਕਿ ਪੰਜਾਬ ਵਿਚ ਰਾਸ਼ਟਰਪਤੀ ਰਾਜ ਲਾਗੂ ਕਰਨ ਦਾ ਕਾਰਨ ਪਾਕਿਸਤਾਨ ਵਲੋਂ ਪੰਜਾਬ ਵਿਚ ਹਥਿਆਰ ਸਪਲਾਈ ਕੀਤੇ ਜਾਣਾ ਹੈ। ਸਰਕਾਰੀ ਬੁਲਾਰੇ ਅਨੁਸਾਰ ਪੰਜਾਬ ਦੇ 'ਅਤਿਵਾਦੀਆਂ' ਨੂੰ ਪਾਕਿਸਤਾਨ ਵਲੋਂ ਹਥਿਆਰ ਤੇ ਭਾਰੀ ਸਹਾਇਤਾ ਦਿਤੀ ਜਾ ਰਹੀ ਹੈ। ਪੰਜਾਬ ਵਿਚ ਮੁੜ ਕੇ ਹਿੰਸਾ ਭੜਕ ਉਠਣ ਦੇ ਕਾਰਨ ਰਾਸ਼ਟਰਪਤੀ ਰਾਜ ਲਾਗੂ ਕੀਤਾ ਗਿਆ। ਇਸ ਹਿੰਸਾ ਲਈ ਸਿੱਖ ਅਤਿਵਾਦੀਆਂ ਨੂੰ ਜ਼ਿਮੇਵਾਰ ਠਹਿਰਾਇਆ ਗਿਆ ਸੀ। ਇਸ ਹਿੰਸਾ ਵਿਚ 9 ਵਿਅਕਤੀਆਂ ਦੀਆਂ ਜਾਨਾਂ ਗਈਆਂ ਸਨ। ਨਵੀਂ ਦਿੱਲੀ ਵਿਚ ਸਰਕਾਰੀ ਅਧਿਕਾਰੀਆਂ ਦਾ ਕਹਿਣਾ ਹੈ ਕਿ ਪੰਜਾਬ ਵਿਚ ਹਥਿਆਰਾਂ ਦਾ ਆਉਣਾ ਇਕ ਖਤਰਨਾਕ ਹੱਦ ਤੱਕ ਪਹੁੰਚ ਗਿਆ ਸੀ। ਇਸ ਗੱਲ ਦੀ ਆਸ਼ੰਕਾ ਸੀ ਕਿ ਅਤਿਵਾਦੀ ਸ਼ਾਇਦ ਜਲਦੀ ਹੀ ਇਕ ਵੱਡਾ-ਵਿਦਰੋਹ ਕਰਨ ਦੀ ਸਥਿਤੀ ਵਿਚ ਹੋ ਜਾਂਦੇ।

ਅਧਿਕਾਰੀਆਂ ਦਾ ਕਹਿਣਾ ਹੈ ਕਿ ਪੰਜਾਬ ਵਿਚ ਭੇਜੇ ਗਏ ਅਰਧ ਸੈਨਿਕਾਂ ਵਿਚੋਂ ਕੁਝ ਅਰਧ ਸੈਨਿਕਾਂ ਨੂੰ ਸਰਹੱਦ ਤੇ ਚੋਕਸੀ ਰੱਖਣ ਲਈ ਲਾਇਆ ਗਿਆ ਹੈ। ਅਜੇ ਇਹ ਪਤਾ ਨਹੀਂ ਕਿ ਭਾਰਤ ਇਸ ਮਾਮਲੇ ਨੂੰ ਪਾਕਿਸਤਾਨ ਨਾਲ ਉਠਾਏਗਾ ਜਾਂ ਨਹੀਂ। ਦੋਨਾਂ ਦੇਸ਼ਾਂ ਵਿਚਕਾਰ ਇਸ ਮਾਮਲੇ ਬਾਰੇ ਸਬੰਧ ਪਹਿਲਾਂ ਹੀ ਤਣਾਓ ਭਰਪੂਰ ਹੋ ਚੁਕੇ ਹਨ। ਪਾਕਿਸਤਾਨ ਨੇ ਭਾਰਤ ਤੇ ਦੋਸ਼ ਲਾਇਆ ਹੈ ਕਿ ਪਾਕਿਸਤਾਨ ਵਿਚ ਅਸ਼ਾਂਤੀ ਦਾ ਕਾਰਨ ਭਾਰਤ ਹੈ।

ਪੰਜਾਬੀ ਸਾਹਿਤ ਟਰਸਟ ਢੁੱਡੀਕੇ ਵਿਚ ਢਾਈ ਲੱਖ ਰੁਪੈ ਜਮ੍ਹਾਂ

ਸ੍ਰੀ ਜਸਵੰਤ ਸਿੰਘ ਕੰਵਲ ਜਨਰਲ ਸਕੱਤਰ ਪੰਜਾਬੀ ਸਾਹਿਤ ਟਰਸਟ ਢੁੱਡੀਕੇ ਦੀ ਸੂਚਨਾ ਅਨੁਸਾਰ ਕੈਨੇਡਾ ਵਿਚ ਉਨ੍ਹਾਂ ਦੇ ਦੌਰੇ ਸਮੇਂ ਇਕ ਲੱਖ ਤੀਹ ਹਜ਼ਾਰ ਰੁਪਏ ਜੀਵਨ ਦੇ ਮੈਂਬਰਾਂ ਵਲੋਂ ਇਕੱਤਰ ਹੋਏ। ਜਸਵੰਤ ਸਿੰਘ ਕੰਵਲ ਉਨ੍ਹਾਂ ਸਾਰੇ ਦੋਸਤਾਂ ਅਤੇ ਮਿਤਰਾਂ ਦਾ ਧੰਨਵਾਦ ਕਰਦੇ ਹਨ ਜਿਨ੍ਹਾਂ ਪੰਜਾਬੀ ਦੇ ਲੇਖਕਾਂ ਲਈ ਏਨਾ ਵੱਡਾ ਯੋਗਦਾਨ ਪਾਇਆ ਹੈ। ਹੁਣ ਤੱਕ ਪੰਜਾਬੀ ਸਾਹਿਤ ਟਰਸਟ ਢੁੱਡੀਕੇ ਵਿਚ ਲੱਗਭਗ ਢਾਈ ਲੱਖ ਰੁਪਏ ਜੀਵਨ ਮੈਂਬਰਾਂ ਵਲੋਂ ਦਿੱਤੇ ਗਏ ਹਨ। ਟਰਸਟ ਦੀ ਜੀਵਨ ਮੈਂਬਰਸ਼ਿਪ ਇਕ ਹਜ਼ਾਰ ਰੁਪਏ ਦੀ ਹੈ। ਮੂਲ ਰਕਮ ਫਿਕਸ ਡੀਪੌਜ਼ਿਟ ਵਿਚ ਰਹਿੰਦੀ ਹੈ। ਪੰਜਾਬੀ ਲੇਖਕਾਂ ਲਈ ਜੋ ਲੋਕ ਸਾਹਿਤ ਰਚਦੇ ਹਨ ਇਸਦੇ ਵਿਆਜ ਵਿਚੋਂ ਉਨ੍ਹਾਂ ਨੂੰ ਅਵਾਰਡ ਅਤੇ ਸਹਾਇਤਾ ਦਿਤੀ ਜਾਂਦੀ ਹੈ ਪੰਜਾਬੀ ਦੁਨੀਆਂ ਵਿਚ ਏਸ ਕਿਸਮ ਦਾ ਇਹ ਪਹਿਲਾ ਟਰਸਟ ਹੈ।

31 ਦਸੰਬਰ, 1982 ਤੱਕ ਹਿਸਾਬ ਇਸ ਪ੍ਰਕਾਰ ਹੈ :—

ਐਫ. ਡੀਜ਼. ਪੰਜਾਬ ਨੈਸ਼ਨਲ ਬੈਂਕ ਢੁੱਡੀਕੇ	23000.00
ਐਫ. ਡੀਜ਼. ਪੰਜਾਬ ਐਂਡ ਸਿੰਧ ਬੈਂਕ ਅਜੀਤਵਾਲ	90000.00
ਪੰਜਾਬ ਸਿੰਧ ਬੈਂਕ ਅਜੀਤਵਾਲ ਸੇਵਿੰਗ ਖਾਤਾ	6.03
ਪੰਜਾਬ ਨੈਸ਼ਨਲ ਬੈਂਕ ਢੁੱਡੀਕੇ ਸੇਵਿੰਗ ਖਾਤਾ	7.54
ਆਰ. ਡੀ. ਦੋਵੇਂ ਬੈਂਕਾਂ ਦੇ ਖਾਤੇ	2250.00
ਕੈਸ਼ ਇਨ ਹੈਂਡ	2936-28
ਕੁੱਲ ਜੋੜ	118199.85

ਨੋਟ :— ਕੈਸ਼ ਇਨ ਹੈਂਡ ਵਾਲੀ ਰਕਮ ਵਿਚੋਂ 2500 ਰੁਪਿਆ ਪ੍ਰੋ: ਪ੍ਰੀਤਮ ਸਿੰਘ ਪਟਿਆਲੇ ਵਾਲੇ ਦੇ ਇਨਾਮ ਦੀ ਰਕਮ ਹੈ, ਜਿਹੜੀ ਉਸ ਬਾਵਾ ਬਲਵੰਤ ਉਤੇ ਵਧੀਆ ਕਿਤਾਬ ਲਿਖਣ ਵਾਲੇ ਨੂੰ ਇਨਾਮ ਵਜੋਂ ਦੇਣੀ ਐਲਾਨੀ ਹੈ।

ਟਰਸਟ ਦਾ ਸਾਰੇ ਸਾਲ ਦਾ ਅਕਾਊਂਟ ਮਈ 1983 ਵਿਚ ਤਰਤੀਬ ਵਿਚ ਲਿਖਾਇਆ ਗਿਆ ਹੈ ਅਤੇ ਚਾਰਟਿਡ ਅਕਾਊਂਟੈਂਟ ਤੋਂ ਪਾਸ ਕਰਵਾਇਆ ਗਿਆ ਹੈ। ਕੈਸ਼ ਇਨ ਹੈਂਡ ਵਾਲੀ ਰਕਮ ਵਿਚੋਂ 1200 ਰੁਪਏ ਅਕਾਊਂਟ ਤੇ ਆਡਿਟ ਫੀਸ ਵਜੋਂ ਦਿੱਤੇ ਗਏ ਹਨ।

ਹੁਣ ਤੱਕ ਦਿੱਤੇ ਜਾ ਚੁੱਕੇ ਬਾਵਾ ਬਲਵੰਤ ਤੇ ਬਲਰਾਜ ਸਾਹਨੀ ਇਨਾਮ

1. ਉਦਾਸੀ, 2. ਪਿਆਰਾ ਸਿੰਘ ਸਹਿਰਾਈ 1100 ਰੁ: 3. ਡਾ: ਜਗਤਾਰ ਸਿੰਘ 1100 ਰੁ: 4. ਗੁਰਸ਼ਰਨ ਸਿੰਘ 1100 ਰੁ: 5. ਡਾ: ਵਣਜਾਰਾ ਬੇਦੀ 1500 ਰੁ: 6. ਸੰਤੋਖ ਸਿੰਘ ਧੀਰ 1500 ਰੁ: 7. ਜਸਵੰਤ ਸਿੰਘ ਵਿਰਦੀ 1500 ਰੁ: 8. ਪ੍ਰੋ: ਪ੍ਰੀਤਮ ਸਿੰਘ ਪਟਿਆਲੇ ਵਾਲੇ 2500 ਰੁ: 9. ਦੇਵਿੰਦਰ ਸਤਿਆਰਥੀ 2500 ਰੁ: ਸਾਰਿਆਂ ਪੁਰਸਕਾਰੀਆਂ ਨੂੰ ਸ਼ਾਲਾਂ ਤੇ ਟਰਾਫੀਆਂ ਨਾਲ ਸਨਮਾਨਿਆ ਗਿਆ। ਕਰਨੈਲ ਸਿੰਘ ਬਾਗੀ ਦੀ ਵਿਧਵਾ ਨੂੰ 500 ਰੁ: ਸਹਾਇਤਾ ਦਿੱਤੀ ਗਈ।

ਜਸਵੰਤ ਸਿੰਘ ਕੰਵਲ

ਤੁਮ ਨੇ ਕਿਤਨੇ ਦੁਖ ਝੇਲੇ ਹੈਂ ਹਮ ਨੇ ਕਿਤਨੇ ਦੁਖ ਪਾਏ
ਦੁਖ ਕੀ ਗਿਣਤੀ ਕਰਨੇ ਵਾਲੋ, ਕੌਣ ਯਹਾਂ ਸੁਖ ਵਾਲਾ ਹੈ।

ਖਾਸ ਰਿਪੋਰਟ : ਅਸਲ ਤੱਥ ਕੀ ਹਨ

ਪੰਜਾਬ ਦੀ ਡਾਇਰੀ

- ਪੰਜਾਬ ਦੀ ਰਾਜਨੀਤੀ ਵਿਚ ਇਕ ਨਵਾਂ ਮੋੜ
- ਅਤਿਵਾਦੀਆਂ ਵਲੋਂ ਦਰਦਨਾਕ ਕਤਲੇਆਮ
- ਪੰਜਾਬ ਸਰਕਾਰ ਵੀ ਦਮ ਤੋੜ ਗਈ
- ਪੰਜਾਬ ਵਿਚ ਰਾਸ਼ਟਰਪਤੀ ਰਾਜ ਲਾਗੂ
- ਇਸ ਕਤਲੇਆਮ ਦੀ ਸਾਰੀ ਜ਼ਿੰਮੇਵਾਰੀ ਬੱਬਰ ਖਾਲਸਾ ਨੇ ਪਹਿਲਾਂ ਹੀ ਚੁੱਕ ਲਈ ਸੀ

ਸਾਡੇ ਪੱਤਰਕਾਰ ਦੀ ਰਿਪੋਰਟ ਇਉਂ ਦੱਸਦੀ ਹੈ

ਇਹ ਖਾਸ ਰਿਪੋਰਟ ਸਾਡੇ ਭਾਰਤ ਵਿਚ ਵਿਸ਼ੇਸ਼ ਪ੍ਰਤੀਨਿਧ

ਮਨਜੀਤ ਸਿੰਘ ਰੱਤੂ ਦੁਆਰਾ

ਚੰਡੀਗੜ੍ਹ—(ਸਟਾਫ ਰਿਪਰਟ)

ਫੋਟੋ ਵਿਚ ਇਸ ਗੋਲੀ ਕਾਂਡ ਦੇ ਮ੍ਰਿਤਕ



ਪੰਜਾਬ ਵਿਚ ਅਤਿਵਾਦੀਆਂ ਦੀਆਂ ਸਰਗਰਮੀਆਂ ਅਜ ਉਸ ਸਮੇਂ ਇਕ ਵਾਰ ਖਤਰਨਾਕ ਮੋੜ ਤੇ ਪੁਜ ਗਈਆਂ ਜਦ ਉਨ੍ਹਾਂ ਨੇ ਦੋ ਵੱਖ-ਵੱਖ ਵਾਰਦਾਤਾਂ ਵਿਚ 8 ਬੇਗੁਨਾਹ ਵਿਅਕਤੀਆਂ ਨੂੰ ਗੋਲੀਆਂ ਨਾਲ ਉਡਾ ਦਿਤਾ ਅਤੇ 8 ਹੋਰਾਂ ਨੂੰ ਗੰਭੀਰ ਰੂਪ ਵਿਚ ਜ਼ਖਮੀ ਕਰ ਦਿਤਾ।

ਅਤਿਵਾਦੀਆਂ ਨੇ ਆਪਣੀ ਪਹਿਲੀ ਵਾਰਦਾਤ ਵਿਚ ਬੀਤੀ ਰਾਤ 11.30 ਵਜੇ ਦੇ ਕਰੀਬ ਅੰਮ੍ਰਿਤਸਰ ਤੋਂ ਦਿੱਲੀ ਜਾ ਰਹੀ ਇਕ ਪ੍ਰਾਈਵੇਟ ਬੱਸ ਵਿਚ ਸਵਾਰ ਇਕ ਫਿਰਕੇ ਦੇ 6 ਵਿਅਕਤੀਆਂ ਨੂੰ ਢਿਲਵਾਂ ਨੇੜੇ ਗਡਾਨਾ ਪਿੰਡ ਵਿਚ ਗੋਲੀਆਂ ਨਾਲ ਉਡਾ ਦਿਤਾ ਅਤੇ ਇਕ ਹੋਰ ਨੂੰ ਗੰਭੀਰ ਰੂਪ ਵਿਚ ਜ਼ਖਮੀ ਕਰ ਦਿਤਾ ਜਿਸ ਨੂੰ ਹਸਪਤਾਲ ਦਾਖਲ ਕਰਵਾ ਦਿਤਾ ਗਿਆ ਹੈ।

ਅਤਿਵਾਦੀਆਂ ਨੇ ਆਪਣੀ ਦੂਜੀ ਵਾਰਦਾਤ ਅੰਮ੍ਰਿਤਸਰ ਜਾ ਰਹੀ ਹਾਵੜਾ ਮੇਲ ਸਵਾਰ ਦੋ ਵਿਅਕਤੀਆਂ ਨੂੰ ਮਾਨਾਂਵਾਲਾ ਰੇਲਵੇ ਸਟੇਸ਼ਨ ਨੇੜੇ ਗੋਲੀਆਂ ਮਾਰਕੇ ਹਲਾਕ ਕਰ ਦਿਤਾ ਅਤੇ ਆਪ ਫਰਾਰ ਹੋ ਗਏ। ਮਰਨ ਵਾਲਿਆਂ ਵਿਚ ਪੁਲਸ ਦਾ ਇਕ ਸਬਇੰਸਪੇਕਟਰ ਪਿਆਰਾ ਸਿੰਘ ਅਤੇ ਕਸਟਮ ਇੰਸਪੇਕਟਰ ਸੂਰਜ ਪ੍ਰਕਾਸ਼ ਸੂਰੀ ਸ਼ਾਮਲ ਹੈ। ਅਤਿਵਾਦੀ ਮਿਤਕ ਪੁਲਸ ਅਧਿਕਾਰੀ ਦੀ ਸਰਵਿਸ ਰਿਵਾਲਵਰ ਵੀ ਲੈ ਗਏ। ਇਸ ਗੋਲੀ ਕਾਂਡ ਵਿਚ 4 ਮੁਸਾਫਰ ਵੀ ਜ਼ਖਮੀ ਹੋਏ ਜਿਨ੍ਹਾਂ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ।

ਬੀਤੀ ਰਾਤ ਕਰੀਬ ਸਾਢੇ ਦਸ ਵਜੇ ਅੰਮ੍ਰਿਤਸਰ ਤੋਂ ਦਿੱਲੀ ਦੇ ਲਈ ਚੱਲੀ ਇਕ ਪ੍ਰਾਈਵੇਟ ਕੰਪਨੀ ਰਾਜ ਟਰਾਂਸਪੋਰਟ ਦੀ ਬੱਸ ਸਾਢੇ 11 ਕਪੂਰਥਲਾ ਜ਼ਿਲੇ ਦੇ ਗਡਾਨਾ ਰੇਲਵੇ ਫਾਟਕ ਦੇ ਪਾਸ ਪੁੱਜੀ ਤਾਂ ਉਸ 'ਚ ਪਹਿਲਾਂ ਹੀ ਦੋ ਸਵਾਰ ਅਤਿਵਾਦੀਆਂ ਨੇ ਬਸ ਡਰਾਈਵਰ ਨੂੰ ਬੱਸ ਰੋਕਣ ਲਈ ਕਿਹਾ ਅਤੇ ਨਾਲ ਹੀ ਉਸ ਨੂੰ ਹੁਕਮ ਦਿੱਤਾ ਕਿ ਉਹ ਬੱਸ ਨੂੰ ਖੇਤਾਂ ਵਿਚ ਲੈ ਚੱਲੇ। ਬੱਸ ਜਦ ਖੇਤਾਂ ਵਿਚ ਪਹੁੰਚੀ ਤਾਂ ਅਤਿਵਾਦੀਆਂ ਨੇ, ਜਿਹਨਾਂ ਦੀ ਗਿਣਤੀ ਦਾ ਪਤਾ ਨਹੀਂ ਲਗ ਸਕਿਆ ਨੇ ਇਕੋ ਹੀ ਫਿਰਕੇ ਦੇ 7 ਵਿਅਕਤੀਆਂ ਨੂੰ ਬੱਸ ਤੋਂ ਥੱਲੇ ਉਤਾਰ ਲਿਆ ਅਤੇ ਉਹਨਾਂ ਨੂੰ ਗੋਲੀ ਨਾਲ ਉਡਾ ਦਿਤਾ। ਇਹਨਾਂ ਵਿਚੋਂ 6 ਦੀ ਮੌਕੇ ਤੇ ਹੀ ਮੌਤ ਹੋ ਗਈ ਜਦ ਕਿ ਇਕ ਵਿਅਕਤੀ ਗੰਭੀਰ ਰੂਪ ਨਾਲ ਜ਼ਖਮੀ ਹੋ ਗਿਆ। ਬਾਅਦ ਵਿਚ ਅਤਿਵਾਦੀ ਬੱਸ ਨੂੰ ਭਜਾ ਕੇ ਲੈ ਗਏ।

ਮੌਕੇ ਦੇ ਅਧਿਐਨ ਕਰਨ ਦੇ ਬਾਅਦ ਜੋ ਤੱਥ ਸਾਹਮਣੇ ਆਏ ਹਨ, ਉਨ੍ਹਾਂ ਤੋਂ ਜਾਪਦਾ ਹੈ ਕਿ ਅਤਿਵਾਦੀ 6 ਸਿੱਖ ਨੌਜਵਾਨ ਸਨ, ਜਿਨ੍ਹਾਂ ਨੇ ਅੰਮ੍ਰਿਤਸਰ ਤੋਂ ਲਾਭ ਸਿੰਘ ਐਂਡ ਕੰਪਨੀ ਦੇ ਨਾਂ ਤੇ ਆਪਣੀਆਂ ਸੀਟਾਂ ਬੁਕ ਕਰਾ ਰੱਖੀਆਂ ਸਨ। ਜਦੋਂ ਇਹ ਬੱਸ ਅੰਮ੍ਰਿਤਸਰ ਤੋਂ ਚੱਲੀ ਤਾਂ ਉਸ ਵਿਚ ਕੇਵਲ 28 ਸਵਾਰੀਆਂ ਸਨ। ਜਿਉਂ ਹੀ ਇਹ ਬੱਸ ਢਿਲਵਾਂ ਦੇ ਨੇੜੇ ਗਡਾਨਾ ਰੇਲਵੇ ਫਾਟਕ ਪਾਸ ਪੁੱਜੀ ਤਾਂ ਅਤਿਵਾਦੀਆਂ ਵਿਚੋਂ 2 ਨੌਜਵਾਨ ਡਰਾਈਵਰ ਦੇ ਪਾਸ ਗਏ ਅਤੇ ਉਨ੍ਹਾਂ ਵਿਚੋਂ ਇਕ ਨੇ ਆਪਣੀ ਰਿਵਾਲਵਰ ਡਰਾਈਵਰ ਦੀ ਗਰਦਨ ਤੇ ਰੱਖ ਦਿਤੀ ਅਤੇ ਉਸ ਨੂੰ ਬੱਸ ਰੋਕਣ ਲਈ ਕਿਹਾ। ਡਰਾਈਵਰ ਗੁਰਦਿਆਲ ਸਿੰਘ ਜਿਉਂ ਹੀ ਆਪਣੀ ਸੀਟ ਤੋਂ ਉਠਿਆ, ਅਤਿਵਾਦੀਆਂ ਵਿਚੋਂ ਇਕ ਨੌਜਵਾਨ ਬੱਸ ਨੂੰ ਚਲਾ ਕੇ ਉਥੋਂ 2 ਕਿਲੋਮੀਟਰ ਦੂਰ ਭੁੱਲਰ ਪਿੰਡ ਲੈ ਗਿਆ। ਬੱਸ ਨੂੰ ਉਥੇ ਖੜੀ ਕਰਕੇ ਉਨ੍ਹਾਂ ਨੇ ਉਸ ਵਿਚ ਯਾਤਰਾ ਕਰ ਰਹੇ ਗੁਰਦਾਸਪੁਰ ਦੇ ਇਕ ਦੁਕਾਨਦਾਰ ਵਿਜੇ ਕੁਮਾਰ ਤੇ ਖੋਖਰੀ ਨਾਲ ਹਮਲਾ ਕੀਤਾ ਜਿਸ ਨਾਲ ਉਹ ਗੰਭੀਰ ਰੂਪ ਵਿਚ ਜ਼ਖਮੀ ਹੋ ਗਿਆ। ਉਸਨੂੰ ਕਪੂਰਥਲਾ ਹਸਪਤਾਲ ਵਿਚ ਦਾਖਲ ਕਰਾਇਆ ਗਿਆ ਹੈ। ਬਾਅਦ ਵਿਚ ਇਨ੍ਹਾਂ ਅਤਿਵਾਦੀਆਂ ਨੇ ਉਸ ਵਿਚ ਸਵਾਰ ਇਕ ਫਿਰਕੇ ਦੇ 6 ਵਿਅਕਤੀਆਂ ਨੂੰ ਬੱਸ ਵਿਚੋਂ ਹੇਠਾਂ ਉਤਾਰਿਆ ਅਤੇ ਗੋਲੀਆਂ ਨਾਲ ਭੁੰਨ ਦਿੱਤਾ। ਬੱਸ ਵਿਚ ਯਾਤਰਾ ਕਰ ਰਹੇ ਬਾਕੀ ਯਾਰਤੀਆਂ ਵਿਚ 6 ਮੁਸਲਮਾਨ ਅਤੇ ਇਕ ਈਸਾਈ ਸੀ, ਜਿਨ੍ਹਾਂ ਨੂੰ ਅਤਿਵਾਦੀਆਂ ਨੇ ਕੁਝ ਨਹੀਂ ਕਿਹਾ।

ਬੱਸ 'ਚ ਇਕ 10 ਸਾਲਾ ਬੱਚਾ, ਜੋ ਆਪਣੀ ਮਾਂ ਨਾਲ ਯਾਤਰਾ ਕਰ ਰਿਹਾ ਸੀ, ਨੂੰ ਅਤਿਵਾਦੀਆਂ ਨੇ ਜਦੋਂ ਆਪਣੀ ਗੋਲੀ ਦਾ ਨਿਸ਼ਾਨਾ ਬਣਾਉਣਾ ਚਾਹਿਆ ਤਾਂ ਉਸ ਦੀ ਮਾਂ ਨੇ ਚੀਖਦੇ ਚਿਲਾਉਂਦੇ ਹੋਏ ਕਿਹਾ ਕਿ ਉਸ ਦੀ ਇਹ ਇਕ ਮਾਤਰ ਸੰਤਾਨ ਹੈ, ਇਸ ਲਈ ਉਸ ਨੂੰ ਕੁਝ ਨਾ ਕਿਹਾ ਜਾਏ। ਮਾਂ ਦੇ ਇਨ੍ਹਾਂ ਅੱਥਰੂਆਂ ਨੇ ਇਸ ਦਾ ਅਸਰ ਕੀਤਾ ਅਤੇ ਅਤਿਵਾਦੀਆਂ ਨੇ ਉਸ ਬੱਚੇ ਨੂੰ ਛੱਡ ਦਿੱਤਾ। ਬਾਅਦ ਵਿਚ ਅਤਿਵਾਦੀਆਂ ਨੇ ਸਭ ਸਵਾਰੀਆਂ ਨੂੰ ਬੱਸ ਵਿਚੋਂ ਉਤਰ ਜਾਣ ਲਈ ਕਿਹਾ ਅਤੇ ਖੁਦ ਬੱਸ ਨੂੰ ਲੈ ਕੇ ਫਰਾਰ ਹੋ ਗਏ। ਅਜੇ ਤਕ ਬੱਸ ਦਾ ਕੁਝ ਪਤਾ ਨਹੀਂ ਚੱਲ ਸਕਿਆ।

ਇਹ ਸਾਰੇ ਅਤਿਵਾਦੀ ਆਮ ਮੁਸਾਫਰਾਂ ਵਾਂਗ ਹੀ ਅੰਮ੍ਰਿਤਸਰ ਤੋਂ ਇਸ ਡੀਲਕਸ ਬੱਸ ਵਿਚ ਸਵਾਰ ਹੋਏ ਅਤੇ ਇਨ੍ਹਾਂ ਕੋਲ ਸਮਾਨ ਦੇ ਰੂਪ ਵਿਚ ਸਿਰਫ ਥੈਲੇ ਹੀ ਸਨ। ਜਦੋਂ ਇਹ ਬੱਸ ਢਿਲਵਾਂ ਕੋਲ ਪੁੱਜੀ ਤਾਂ 6 ਅਤਵਾਦੀਆਂ ਵਿਚੋਂ 2 ਨੇ ਸਟੇਨਗੰਨ ਤੇ ਇਕ ਨੇ ਰਿਵਾਲਵਰ ਆਪਣੇ ਥੈਲੇ ਵਿਚੋਂ ਕੱਢ ਲਈ। ਫਿਰ ਉਨ੍ਹਾਂ ਬੱਸ ਤੇ ਕਬਜ਼ਾ ਕਰਨ ਤੋਂ ਬਾਅਦ ਮੁਸਾਫਰਾਂ ਨੂੰ ਵਾਰਨਿੰਗ ਦਿਤੀ ਕਿ ਜੇ ਕਿਸੇ ਨੇ ਵੀ ਹਿਲਜੁਲ ਕੀਤੀ ਤਾਂ ਗੋਲੀ ਮਾਰ ਦਿੱਤੀ ਜਾਏਗੀ। ਸਟੇਅਰਿੰਗ ਤੇ ਬੈਠਾ ਵਿਅਕਤੀ ਬੱਸ ਨੂੰ ਚਲਾ ਕੇ ਗਡਾਨਾ ਪਿੰਡ ਦੇ ਰੇਲਵੇ ਫਾਟਕ ਵਲ ਲੈ ਆਇਆ। ਅਗੋਂ ਫਾਟਕ ਬੰਦ ਸੀ ਜਿਸ ਤੇ ਅਤਿਵਾਦੀਆਂ ਨੇ ਫਾਟਕ ਖੁਲਵਾ ਲਿਆ ਤੇ ਬਸ ਕਪੂਰਥਲਾ ਨੂੰ ਜਾਣ ਵਾਲੀ ਲਿੰਕ ਸੜਕ ਵਲ ਮੋੜ ਦਿਤੀ। ਦੋ ਕਿਲੋਮੀਟਰ ਦੂਰ ਇਕ ਉਜਾੜ ਤੇ ਬੀਆਬਾਨ ਥਾਂ ਤੇ ਉਨ੍ਹਾਂ ਬੱਸ ਰੋਕ ਲਈ।

ਜਿਵੇਂ ਹੀ ਬੱਸ ਰੁਕੀ 4 ਅਤਿਵਾਦੀ ਬਸ ਵਿਚੋਂ ਹੇਠਾਂ ਉਤਰੇ ਅਤੇ ਬਾਕੀ ਦੋ ਬਸ ਵਿਚ ਹੀ ਬੈਠੇ ਰਹੇ। ਬਸ ਵਿਚ ਸਵਾਰ ਇਕ ਫਿਰਕੇ ਦੇ 7 ਲੋਕ ਜਿਨ੍ਹਾਂ ਦੀ ਉਮਰ 22 ਸਾਲ ਤੋਂ 38 ਸਾਲ ਦੇ ਦਰਮਿਆਨ ਸੀ, ਨੂੰ ਇਨ੍ਹਾਂ 4 ਅਤਿਵਾਦੀਆਂ ਨੇ ਹੇਠਾਂ ਉਤਰਨ ਲਈ ਕਿਹਾ। ਜਿਵੇਂ ਹੀ ਉਹ ਹੇਠਾਂ ਉਤਰੇ, ਉਨ੍ਹਾਂ ਨੂੰ ਗੋਲੀ ਨਾਲ ਭੁੰਨ ਦਿਤਾ।

ਘਟਨਾ ਵਾਲੀ ਥਾਂ ਤੇ 5 ਲਾਸ਼ਾਂ ਤਾਂ ਇਕੱਠੀਆਂ ਪਈਆਂ ਸਾਡੇ ਪੱਤਰਕਾਰ ਨੇ ਵੇਖੀਆਂ ਸਨ ਜਦਕਿ ਇਕ ਲਾਸ਼ 20 ਮੀਟਰ ਦੂਰ ਪਈ ਸੀ। ਇਸ ਤੋਂ ਇਹ ਅਨੁਮਾਨ ਲਾਇਆ ਜਾਂਦਾ ਹੈ ਕਿ ਜਦੋਂ ਸਾਰੇ ਵਿਅਕਤੀਆਂ ਨੂੰ ਇਕਠਾ ਕਰਕੇ ਗੋਲੀਆਂ ਮਾਰੀਆਂ ਗਈਆਂ ਤਾਂ ਉਨ੍ਹਾਂ ਵਿਚ ਇਕ ਨੇ ਭਜਣ ਦੀ ਕੋਸ਼ਿਸ਼ ਕੀਤੀ ਹੋਵੇਗੀ ਜਿਸ ਕਾਰਨ ਉਹ ਥੋੜੀ ਦੂਰ ਗੋਲੀ ਵਜਣ ਨਾਲ ਹਲਾਕ ਹੋ ਗਿਆ। ਇਕ ਨੌਜਵਾਨ ਦੇ ਛਾਤੀ ਤੇ ਗੋਲੀਆਂ ਵਜੀਆਂ ਹਨ ਜਦ ਕਿ ਬਾਕੀ ਸਾਰੇ ਮੁਸਾਫਰਾਂ ਦੀਆਂ ਕਨਪਟੀਆਂ ਤੇ ਹੀ ਗੋਲੀਆਂ ਮਾਰੀਆਂ ਗਈਆਂ।

ਘਟਨਾ ਵਾਲੀ ਥਾਂ ਦਾ ਦ੍ਰਿਸ਼ ਬਹੁਤ ਹੀ ਦਰਦਨਾਕ ਅਤੇ ਦਿਲ ਨੂੰ ਹਿਲਾ ਦੇਣ ਵਾਲਾ ਸੀ ਇਕ ਲਾਸ਼ ਦੇ ਕੋਲ ਹੀ ਉਸ ਵਿਅਕਤੀ ਐਨਕ ਪਈ ਸੀ ਜਿਸ ਦਾ ਇਕ ਸ਼ੀਸ਼ਾ ਟੁਟਿਆ ਹੋਇਆ ਸੀ। ਲਾਸ਼ਾਂ ਦੇ ਕੋਲ ਹੀ ਮ੍ਰਿਤਕਾਂ ਦੇ ਬਰੀਫ ਕੇਸ ਖੁਲ੍ਹੇ ਹੋਏ ਡਿਗੇ ਪਏ ਸਨ। ਇਸ ਤਰ੍ਹਾਂ ਲਗਦਾ ਹੈ ਕਿ ਅਤਿਵਾਦੀਆਂ ਨੇ ਇਨ੍ਹਾਂ 6 ਵਿਅਕਤੀਆਂ ਨੂੰ ਕਤਲ ਕਰਨ ਤੋਂ ਬਾਅਦ ਉਨ੍ਹਾਂ ਦੇ ਬਰੀਫ ਕੇਸਾਂ ਤੇ ਥੈਲਿਆਂ ਆਦਿ ਦੀ ਤਲਾਸ਼ੀ ਲਈ ਅਤੇ ਮ੍ਰਿਤਕਾਂ ਦੇ ਕੀਮਤੀ ਸਮਾਨ ਨੂੰ ਚੁਕ ਕੇ ਲੈ ਗਏ ਪਰ ਮ੍ਰਿਤਕਾਂ ਦੀਆਂ ਗੁਪਤ ਜੇਬਾਂ ਵਿਚ ਲੁਕੋ ਕੇ ਰੱਖੇ ਗਏ ਰੁਪਏ ਜਿਉਂ ਦੇ ਤਿਉਂ ਹੀ ਪਏ ਸਨ।

ਮ੍ਰਿਤਕਾਂ ਨੇ ਜਿਹੜੇ ਕੱਪੜੇ ਪਾਏ ਹੋਏ ਸਨ, ਉਨ੍ਹਾਂ ਨੂੰ ਦੇਖਕੇ ਅਜਿਹਾ ਲਗਦਾ ਸੀ ਕਿ ਉਨ੍ਹਾਂ ਵਿਚੋਂ ਵਧੇਰੇ ਵਪਾਰੀ ਹੀ ਸਨ ਅਤੇ ਆਪਣੇ ਵਪਾਰ ਦੇ ਸਬੰਧ ਵਿਚ ਦਿੱਲੀ ਜਾ ਰਹੇ ਸਨ। ਇਕ ਮ੍ਰਿਤਕ ਦੀ ਪੈਂਟ ਦੀ ਗੁਪਤ ਜੇਬ ਵਿਚੋਂ ਇਕ ਹਜ਼ਾਰ ਰੁਪਏ ਦੇ ਕਰੰਸੀ ਨੋਟ ਮਿਲੇ ਹਨ। ਅਤਿਵਾਦੀਆਂ ਨੇ ਇਨ੍ਹਾਂ ਸਾਰੇ ਵਿਅਕਤੀਆਂ ਨੂੰ ਕਤਲ ਕਰਨ ਲਈ ਸਟੇਨ ਗਨ ਅਤੇ ਆਟੋਮੈਟਿਕ ਰਿਵਾਲਵਰਾਂ ਦੀ ਵਰਤੋਂ ਕੀਤੀ ਕਿਉਂਕਿ ਘਟਨਾ ਵਾਲੀ ਥਾਂ ਤੋਂ ਅਜਿਹੇ ਅਨੇਕਾਂ ਹੀ ਚਲੇ ਹੋਏ ਕਾਰਤੂਸ ਮਿਲੇ ਹਨ।

ਕਪੂਰਥਲਾ ਦੇ ਐਸ. ਪੀ. ਸ੍ਰੀ ਚਾਲੀਹਾ ਨੇ ਘਟਨਾ ਵਾਲੀ ਥਾਂ ਤੇ ਹੀ ਪੱਤਰਕਾਰਾਂ ਨੂੰ ਦਸਿਆ ਕਿ ਪ੍ਰਾਪਤ ਜਾਣਕਾਰੀ ਅਨੁਸਾਰ ਅਤਿਵਾਦੀ ਇਸ ਘਟਨਾ ਤੋਂ ਬਾਅਦ ਬਸ ਨੂੰ ਖੁਖਰੈਨ ਪਿੰਡ ਵਲ ਲੈ ਗਏ ਅਤੇ ਉਸ ਤੋਂ ਬਾਅਦ ਇਕ ਡੇਢ ਕਿਲੋਮੀਟਰ ਦੂਰ ਜਾ ਕੇ ਉਨ੍ਹਾ ਬੱਸਾਂ ਦੇ ਕੰਡਕਟਰ ਅਤੇ ਡਰਾਈਵਰ ਨੂੰ ਉਤਾਰ ਦਿਤਾ ਅਤੇ ਬਸ ਨੂੰ ਵਾਪਸ ਮੁੰਡੇਰ ਬੇਟ ਵਲ ਲੈ ਆਏ

(ਬਾਕੀ ਸਫਾ 7 ਤੇ)

ਮੁਲਾਕਾਤ : ਹਰਭਜਨ ਸਿੰਘ ਯੋਗੀ

ਸੰਪਾਦਕ ਸ. ਹਰਭਜਨ ਸਿੰਘ ਦਿਓਲ ਹੋਰਾਂ ਹਰਭਜਨ ਸਿੰਘ ਯੋਗੀ ਨਾਲ ਇਕ ਮੁਲਾਕਾਤ ਸੋਮਵਾਰ 17 ਅਕਤੂਬਰ ਨੂੰ ਕੀਤੀ। ਤੁਸੀਂ ਉਨ੍ਹਾਂ ਦੇ ਵਿਚਾਰ ਉਨ੍ਹਾਂ ਦੀ ਜ਼ਬਾਨੀ ਸੁਣੋ। ਇਸ ਮੁਲਾਕਾਤ ਵਿਚ ਆਏ ਵਿਚਾਰਾਂ ਬਾਰੇ ਅਸੀਂ ਪਾਠਕਾਂ ਦੇ ਖਤਾਂ ਦੀ ਉਡੀਕ ਵਿਚ ਹਾਂ)

ਸੰਪਾਦਕ :— ਯੋਗੀ ਜੀ ! ਅਮਰੀਕਾ ਆਉਣ ਤੋਂ ਪਹਿਲਾਂ ਭਾਰਤ ਵਿਚ ਤੁਸੀਂ ਕੀ ਕਰਦੇ ਸੀ ?

ਯੋਗੀ ਜੀ :— ਮੈਂ ਕਸਟਮ ਸਰਵਿਸ ਕਰਦਾ ਸੀ, ਭਾਰਤ ਸਰਕਾਰ ਦੀ।

ਸੰਪਾਦਕ :— ਅਮਰੀਕਾ ਵਿਚ ਤੁਸੀਂ ਹੁਣ ਤੱਕ ਕਿਤਨੇ ਕੁ ਅਮਰੀਕਨਾਂ ਨੂੰ ਸਿੰਘ ਸਜਾ ਚੁਕੇ ਹੋ ?

ਯੋਗੀ ਜੀ :— ਸਜਾ ਤਾਂ ਨਹੀਂ ਸਕੇ, ਕਿਨ੍ਹੇ ਵੀ ਪਰ ਜਿਹੜੇ ਸਜ ਗਏ ਹਨ ਉਹ ਤਕਰੀਬਨ ਕੁਆਟਰ ਮਿਲੀਅਨ ਹਨ।

ਸੰਪਾਦਕ :— ਅਮਰੀਕਾ ਤੋਂ ਬਿਨਾਂ ਤੁਸੀਂ ਹੋਰ ਕਿਹੜੇ ਦੇਸ਼ ਵਿਚ ਆਪਣਾ ਇਹ ਪ੍ਰਚਾਰ ਦਾ ਪ੍ਰੋਗਰਾਮ ਰੱਖਿਆ ਹੋਇਆ ਹੈ ?

ਯੋਗੀ :— ਸਾਡੀ ਇਹ Terratory ਜਿਸ ਵਿਚ ਸਾਰਾ Western Zon ਜਿਸ ਵਿਚ ਸਾਰਾ ਯੂਰਪ ਹੈ। ਇਸਤੰਬੋਲ ਤੋਂ ਲੈ ਕੇ ਜਾਪਾਨ ਤੱਕ। ਸਾਊਥ ਅਮਰੀਕਾ, ਮੈਕਸੀਕੋ, ਸੈਂਟਰਲ ਅਮਰੀਕਾ, ਕੈਨੇਡਾ. U.S.A. ਤੇ ਯੂਰਪ ਦੇ ਸਾਰੇ countries.

ਸੰਪਾਦਕ :— ਤੁਹਾਡੀ ਪ੍ਰੇਰਨਾ ਕੇਵਲ ਬਾਣੀ ਤੇ ਹੀ ਆਧਾਰਤ ਹੈ ਜਾਂ ਇਸ ਵਿਚ ਕੋਈ ਵਿਅਕਤੀਵਾਦ ਲਈ ਵੀ ਥਾਂ ਹੈ ?

ਯੋਗੀ :— ਨਹੀਂ ਵਿਅਕਤੀਵਾਦ ਦੀ ਬਾਤ ਵੀ ਨਹੀਂ। ਉਹ ਤਾਂ ਮੁਢੋਂ ਹੀ ਨਹੀਂ। ਬਾਕੀ ਇਸ ਤਰ੍ਹਾਂ ਹੀ ਹੈ ਕਿ ਹਰ ਇਕ ਬੰਦੇ ਨੂੰ ਪ੍ਰੇਰਿਆ ਜਾਏ ਕਿ ਉਹ ਸ੍ਰੀ ਗੁਰੂ ਗ੍ਰੰਥ ਦੇ ਚਰਨੀਂ ਲੱਗੇ। ਇਹ ਪਰੇਰਣਾ ਹੈ। ਸ਼ਬਦ ਗੁਰੂ ਸ਼ਬਦ ਗੁਰੂ ਦੀ ਪਰੇਰਣਾ ਹੈ।

ਸੰਪਾਦਕ :— ਗੁਰਬਾਣੀ ਸਮੂਹ ਸੰਦੇਸ਼ ਦਿੰਦੀ ਹੈ ਕੀ ਤੁਸੀਂ ਵੀ ਸਮੂਹ ਨੂੰ ਹੀ ਪਰੇਰਨਾ ਦਾ ਸੋਮਾ ਮੰਨਦੇ ਹੋ ?

ਯੋਗੀ :— ਗੁਰਬਾਣੀ ਦਾ ਜਿਹੜਾ ਰਿਸ਼ਤਾ ਹੈ ਉਹ ਸਿਖ ਨਾਲ ਹੈ direct ਜਿਹੜਾ ਮੇਰਾ ਕਿਸੇ ਨਾਲ ਰਿਸ਼ਤਾ ਹੈ, ਉਹ ਇਹੀ ਹੈ ਕਿ ਉਸਨੂੰ ਗੁਰਬਾਣੀ ਤੱਕ ਪੁਚਾ ਦੇਵਾਂ। ਗੁਰੂ ਦੀ ਤੇ ਸਿਖ ਦੀ ਜਿਹੜੀ direct ਤਾਂ ਹੈ ਨਾ ਜਿਹੜੀ ਸਾਂਝ ਹੈ। ਉਹਦੇ ਵਿਚ ਵਿਅਕਤੀਗਤ ਹੋ ਜਾਂਦਾ ਹੈ ਫੇਰ ਜੇ ਕੋਈ ਵਿੱਚ ਲੱਤ ਫਸਾਏ ਉਹ ਗਲਤ ਹੋ ਜਾਂਦਾ ਹੈ ਆਪਾਂ ਉਹਨੂੰ ਨਹੀਂ ਮੰਨਦੇ।

ਸੰਪਾਦਕ :— ਤੁਸੀਂ ਸਿਖੀ ਪ੍ਰਚਾਰ ਲਈ ਕੇਵਲ ਅਮਰੀਕਾ ਨੂੰ ਹੀ ਕਿਉਂ ਚੁਣਿਆ ? ਜਦ ਕਿ ਇਸ ਦੀਆਂ CIA ਵਰਗੀਆਂ ਏਜੰਸੀਆਂ ਗਰੀਬ ਦੇਸ਼ਾਂ ਵਿਚ ਭੰਨ ਤੋੜ ਦੀਆਂ ਕਾਰਵਾਈਆਂ ਦੀਆਂ ਜ਼ਿੰਮੇਵਾਰ ਵੀ ਨੇ ?

ਯੋਗੀ ਜੀ :— ਮੈਂ ਤਾਂ ਅਮਰੀਕਾ ਨੂੰ ਇਸ ਕਰਕੇ ਨਹੀਂ ਸੋਚਿਆ ਨਾ ਹੀ ਮੈਂ ਕੋਈ CIA ਦੀਆਂ ਕੋਈ ਭੰਨ ਤੋੜ ਦੀ ਪਾਲਸੀਆਂ ਕਰਕੇ ਮੈਨੂੰ ਕੋਈ ਇਤਰਾਜ਼ ਹੈ। ਮੈਂ ਤਾਂ ਗੁਰੂ ਦਾ ਇਕ ਮਾੜਾ ਜਿਹਾ ਸਿਖ ਹਾਂ ਜਿਥੇ ਵੀ ਮੈਨੂੰ ਥਾਂ ਲਭ ਗਈ - ਉਹਦੇ ਵਿਚ South America ਵੀ ਹੈ। ਚਿੱਲੀ 'ਚ ਵੀ ਹੁਣ ਸਿਖ ਨੇ। ਬ੍ਰਾਜ਼ੀਲ ਵਿਚ ਸਿਖ ਨੇ, ਯੂਰਪ ਵਿਚ ਸਿਖ ਨੇ, ਸੈਂਟਰਲ ਜਰਮਨੀ ਵਿਚ ਐਮਸਟਰਡਮ ਵਿਚ ਬੈਲਜੀਅਮ ਵਿਚ ਫਰਾਂਸ ਵਿਚ — ਇਹ ਸਵਾਲ ਤੁਸੀਂ ਪੰਜਾਬੀ ਹੋਣ ਦੇ ਨਾਤੇ ਕਰਦੇ ਹੋ ਸਿਖ ਹੋਣ ਦੇ ਨਾਤੇ ਨਹੀਂ ਇਸ ਸਵਾਲ ਦਾ ਸਿਖੀ ਨਾਲ ਤੁਆਲਕ ਕੋਈ ਨਹੀਂ। ਸਿਖ ਦਾ ਧਰਮ ਹੈ ਜਿਥੇ ਵੀ ਉਸਨੂੰ ਥਾਂ ਲੱਭੇ ਉਥੇ ਸਿਖੀ ਦਾ ਪ੍ਰਚਾਰ ਕਰੇ। ਗੁਰੂ ਦੇ ਸ਼ਬਦ ਨੂੰ ਲੱਭੇ।

ਸੰਪਾਦਕ :— ਅਮਰੀਕਾ ਇਕ ਅਜਿਹਾ ਦੇਸ਼ ਹੈ ਜੋ ਕੇਵਲ ਤਿਜਾਰਤ ਕਰਦਾ ਹੈ—ਖਾਸ ਕਰਕੇ ਹਥਿਆਰਾਂ ਦੀ। ਤਿਜਾਰਤ ਲਈ ਹਥਿਆਰ ਵੇਚਣ ਲਈ ਇਹ ਕੁਝ ਵੀ ਕਰ ਸਕਦਾ ਹੈ। ਕੀ ਤੁਸੀਂ ਅਜਿਹੇ ਦੇਸ਼ ਵਿਚ ਆਪਣੇ ਆਪ ਨੂੰ ਠੀਕ ਅਨੁਭਵ ਕਰਦੇ ਹੋ ?

ਯੋਗੀ ਜੀ :— ਬੜੀ, ਬੜੀ ਆਜ਼ਾਦੀ ਇਸ ਦੇਸ਼ ਵਿਚ। ਧਰਮ ਦੀ ਬੜੀ ਆਜ਼ਾਦੀ ਹੈ। ਹਥਿਆਰ ਦੀ ਬੜੀ ਆਜ਼ਾਦੀ ਹੈ। ਸ਼ਸ਼ਤਰ ਦੀ ਬੜੀ ਉਸਤਤ ਹੈ ਗੁਰੂ ਗੋਬਿੰਦ ਸਿੰਘ ਸੱਚੇ ਪਾਤਸ਼ਾਹ ਨੇ ਕੀਤੀ ਹੋਈ। ਸਾਡੀ ਅਕਾਲ ਸਕਿਊਰਿਟੀ ਹੈ ਅਮਰੀਕਾ ਵਿਚ, ਸਭ ਤੋਂ ਮੰਨੀ ਹੋਈ ਸਕਿਊਰਿਟੀ ਸਰਵਿਸ ਹੈ। ਸਾਰੀ Manned by Gursikhs ਹੈ।

ਸੰਪਾਦਕ :— ਧਰਮ ਤੇ ਸਿਆਸਤ ਬਾਰੇ ਤੁਹਾਡੇ ਕੀ ਵਿਚਾਰ ਨੇ ?

ਯੋਗੀ ਜੀ :— ਸਿਆਸਤ ਧਰਮ ਦੇ ਅਧੀਨ ਰਵ੍ਹੇ ਤਾਂ ਠੀ ਕਹੈ। ਜਦੋਂ ਸਿਆਸਤ ਧਰਮ ਨੂੰ ਅਧੀਨ ਕਰ ਲਵੇ, ਓਦੋਂ ਗਲਤ ਹੈ।

ਸੰਪਾਦਕ :— ਜਿਵੇਂ ਆਪਾਂ ਪਹਿਲਾਂ ਵੀ ਗੱਲਾਂ ਕਰਦੇ ਰਹੇ ਹਾਂ, ਪੰਜਾਬ ਦਾ ਮਸਲਾ ਕਿਵੇਂ ਹੱਲ ਹੋ ਸਕਦਾ ਹੈ ?

ਯੋਗੀ ਜੀ :— ਮੇਰਾ ਤਾਂ ਖਿਆਲ ਹੈ ਪੰਜਾਬ ਦਾ ਮਸਲਾ ਬੜੀ ਛੇਤੀ ਹੱਲ ਹੋ ਸਕਦਾ ਲੇਕਿਨ ਇਹ ਮੇਰੀ ਆਪਣੀ ਇਨਫਰਮੇਸ਼ਨ ਹੈ ਕਿ ਕਮਿਊਨਿਸਟਾਂ ਨੇ ਇਸ ਨੂੰ ਹੱਲ ਨਹੀਂ ਹੋਣ ਦੇਣਾ। ਬਲਕਿ ਮੇਰੀ ਆਪਣੀ ਇਤਲਾਹ ਹੈ ਕਿ ਜਿਹੜੀ ਸਿਖ ਲੀਡਰਸ਼ਿਪ ਹੈ ਉਹ ਇਨ੍ਹਾ ਕਮਿਊਨਿਸਟਾਂ ਤੋਂ ਤੰਗ ਹੈ।

ਸੰਪਾਦਕ :— ਤੁਹਾਡਾ ਕੀ ਖਿਆਲ ਹੈ ਕਿ ਜਿਨ੍ਹਾਂ ਨੂੰ ਅਤਿਵਾਦੀ ਕਿਹਾ ਜਾਂਦਾ ਹੈ, ਉਹ ਕਮਿਊਨਿਸਟ ਹਨ ?

ਯੋਗੀ ਜੀ :— ਜਿਥੋਂ ਤਕ ਸਿਖ ਲੀਡਰਸ਼ਿਪ ਦਾ ਤੁਅੱਲਕ ਹੈ ਜਾਂ ਸਿੱਖਾਂ ਦਾ ਤੁਅੱਲਕ ਹੈ, ਸਾਡਾ ਸੰਘਰਸ਼ ਹੈ ਉਹ ਤਾਂ ਬੜਾ Peacful ਹੈ। ਅਸਾਂ ਤਾਂ ਮੋਰਚਾ ਲਾਇਆ। ਅਸੀਂ ਮਹਾਤਮਾ ਗਾਂਧੀ ਨੂੰ ਗੁਰੂ ਕੇ ਬਾਗ ਮੋਰਚਾ ਲਾ ਕੇ ਸਿਖਾਇਆ ਕਿ ਸੰਘਰਸ਼ ਕਰੀਦਾ ਕਿਵੇਂ ਹੈ। ਇਹਦਾ ਮਾਣ ਸਿੱਖਾਂ ਨੂੰ ਹੈ। ਅਸੀਂ ਜਲਿਆਂਵਾਲੇ ਬਾਗ 'ਚ ਕੁਰਬਾਨੀਆਂ ਦੇਕੇ ਦੱਸਿਆ ਕਿ ਸੰਘਰਸ਼ ਕਰੀਦਾ ਕਿਵੇਂ ਵੇ। ਅਸੀਂ ਹੁਣ ਹਜ਼ਾਰਾਂ ਤੇ ਲੱਖਾਂ ਬੰਦੇ ਅੰਦਰ ਜੇਲ੍ਹਾਂ 'ਚ ਭੇਜ ਕੇ ਦੱਸਿਆ ਅਸੀਂ ਸਿੱਖ ਜਿਉਂਦੀ ਜਾਗਦੀ ਕੌਮ ਹਾਂ। ਲੇਕਿਨ ਇਹ ਜਿਹੜਾ ਅਤਿਵਾਦੀਆਂ ਦਾ ਕੌਮਨਿਸਟਾਂ ਦਾ ਕੰਮ ਹੈ ਕਿ ਅਤਿਵਾਦਤਾ ਕਰਨੀ, ਉਹ ਸਿੱਖਾਂ ਦੇ ਵੀ ਵਿਰੁਧ ਹੈ। ਔਰ ਸਿਖ ਧਰਮ ਦੇ ਵੀ ਵਿਰੁੱਧ ਹੈ। ਉਹ ਬੰਦੇ ਹਿੰਦੂ, ਬੱਸ ਤੋਂ ਲਾਹ ਕੇ ਮਾਰ ਦੇਣੇ, ਇਹ ਕਿਸੇ ਧਰਮ ਵਿਚ ਨਹੀਂ। ਇਹ ਸਿਰਫ ਸਿੱਖਾਂ ਨੂੰ ਬਦਨਾਮ ਕਰਨ ਵਾਸਤੇ ਦੁਨੀਆਂ ਵਿਚ ਕੀਤਾ ਜਾ ਰਿਹਾ ਹੈ ਇਹ ਕੌਮਨਿਸਟਾਂ ਦੀ ਚਾਲ ਹੈ। ਕਿਉਂਕਿ ਅਮਰੀਕਾ ਵਿਚ ਸਿਖ ਸ਼ੁਰੂ ਹੋ ਗਏ ਨੇ, ਤੇ ਅਮਰੀਕਾ ਦੇ ਨਾਲ ਸਾਰੇ ਦੇਸ਼ਾਂ ਵਿਚ ਫੈਲ ਰਹੇ ਨੇ। ਉਨ੍ਹਾਂ ਨੂੰ ਰੀਪੋਰਟ ਹੈ ਕਿਉਂਕਿ ਉਹ ਦੁਨੀਆਂ ਦੀ ਹਰ ਮੂਵਮੈਂਟ ਨੂੰ ਵਾਚ ਕਰਦੇ ਨੇ। ਸਾਡੇ ਹਿੰਦੁਸਤਾਨੀ ਸਿੱਖਾਂ ਨੇ ਓਥੇ ਗੁਰੂ ਰਾਮਦਾਸ ਪੁਰੀ ਵੀ ਨਹੀਂ ਵੇਖੀ। ਨਿਊ ਮੈਕਸੀਕੋ ਵਿਚ ਕਿੰਨੀ ਸ਼ਾਨ ਦੀ ਥਾਂ ਹੈ। ਕਿਸੇ ਨੂੰ ਪਤਾ ਈ ਕੱਖ ਨਹੀਂ ਬਈ ਕਿੰਨੇ ਅਮਰੀਕਾ 'ਚ ਸਿਖ ਨੇ। ਕੀ ਕੰਮ ਬਣਦਾ ਪਿਆ ਕੀ ਹੋ ਗਿਆ ਲੇਕਿਨ ਇਹ ਕਮਿਊਨਿਸਟਾਂ ਨੂੰ ਤਾਂ ਪਤਾ ਹੈ। ਔਰ ਉਹ ਚਾਹੁੰਦੇ ਨੇ ਕਿ ਕਿਸੇ ਤਰ੍ਹਾਂ ਸਿਖ ਕੌਮ ਨੂੰ ਬਦਨਾਮ ਕਰ ਦਿਤਾ ਜਾਏ। ਆਉਣ ਵਾਲੇ ਯੁੱਗ ਦਾ ਕੌਮ ਹੈ। ਆਉਣ ਵਾਲੇ ਯੁੱਗ ਦਾ ਧਰਮ ਹੈ ਤੇ ਏਸ ਨੂੰ ਢਾਹ ਲਾਈ ਜਾਏ। ਉਹ ਢਾਹ ਲਾਣ ਵਾਸਤੇ ਉਨ੍ਹਾਂ ਨੇ ਸਿਖ ਲੀਡਰਸ਼ਿਪ ਦੇ ਇਕ ਚੰਗੇ ਨੇਕ ਦੱਸੇ ਰਸਤੇ ਔਰ ਚੰਗੇ ਬੜੇ ਗੁਰਸਿੱਖ ਮੱਤ ਦੇ ਅੰਦਰ ਚਲਦੇ ਹੋਏ ਮੋਰਚੇ ਨੂੰ ਬਦਨਾਮ ਕਰਨ ਵਾਸਤੇ ਇਹ ਠਾਹ ਠੂਹ ਸ਼ੁਰੂ ਕੀਤੀ ਹੋਈ ਹੈ। ਇਹਦੇ 'ਚ ਕੋਈ ਅਸਲੀਅਤ ਨਹੀਂ, ਇਹਦੇ 'ਚ।

ਸਿਆਸਤ ਧਰਮ ਦੇ ਅਧੀਨ ਰਵ੍ਹੇ ਤਾਂ ਠੀਕ ਹੈ। ਜਦੋਂ ਸਿਆਸਤ ਧਰਮ ਨੂੰ ਅਧੀਨ ਕਰ ਲਵੇ ਉਦੋਂ ਗਲਤ ਹੈ।



ਹਰਭਜਨ ਸਿੰਘ ਯੋਗੀ

ਧਰਮ ਦੀ ਬਾਤ ਯੇਹ ਹੈ ਜੀ, ਕਿ ਜਿਹੜੇ ਸਾਡੇ ਦੇਸ਼ ਦੇ ਬੰਦੇ ਨੇ ਉਨ੍ਹਾਂ ਦਾ ਨਜ਼ਰੀਆ ਹੋਰ ਹੈ। ਉਨ੍ਹਾਂ ਦਾ ਨਜ਼ਰੀਆ ਹੈ ਪੈਸੇ ਕਮਾ ਲਓ। ਕਾਰ ਰੱਖ ਲਈ। ਕੋਠੀ। ਭੁੱਖੇ ਜੱਟ ਕਟੋਰਾ ਲੱਭਾ ਪਾਣੀ ਪੀ ਪੀ ਆਫਰਿਆ। ਉਹ ਤਾਂ ਹਾਲੀ ਆਪਣੀ ਭੁੱਖ ਕੱਢਣ ਨੂੰ ਫਿਰਦ ਆ। ਤੁਸੀਂ ਕਿਸੇ ਬੰਦੇ ਨੂੰ ਲੈ ਲਓ ਉਹ ਖਰੀਦਿਆ ਜਾ ਸਕਦਾ ਹੈ। ... ਸਾਡੀ ਤਾਂ ਸਾਰੀ ਹਿਸਟਰੀ ਗ਼ਦਾਰੀ ਨਾਲ ਭਰੀ ਏ।

ਸੰਪਾਦਕ :— ਅਮਰੀਕਨ ਜਨਤਾ ਤੁਹਾਡੇ ਮਗਰ ਲੱਗੀ ਹੈ, ਆਪਣੇ ਦੇਸ਼ ਦੇ ਲੋਕ ਏਸੇ ਧਰਮ ਵਲੋਂ ਦੂਰ ਕਿਉਂ ਭੱਜੇ ਜਾਂਦੇ ਹਨ ?

ਯੋਗੀ ਜੀ :— ਧਰਮ ਦੀ ਬਾਤ ਯੇਹ ਹੈ ਜੀ ਕਿ ਸਾਡੇ ਜਿਹੜੇ ਦੇਸ਼ ਦੇ ਬੰਦੇ ਨੇ, ਉਨ੍ਹਾਂ ਦਾ ਨਜ਼ਰੀਆ ਹੋਰ ਹੈ। ਉਨ੍ਹਾਂ ਦਾ ਨਜ਼ਰੀਆ ਹੈ ਪੈਸੇ ਕਮਾ ਲੋ। ਕਾਰ ਰੱਖ ਲਈ। ਕੋਠੀ। ਭੁੱਖੇ ਜੱਟ ਕਟੋਰ ਲੱਭਾ ਪਾਣੀ ਪੀ ਪੀ ਆਫਰਿਆ। ਉਹ ਤਾਂ ਹਾਲੀ ਆਪਣੀ ਭੁੱਖ ਕੱਢਣ ਨੂੰ ਫਿਰਦੇ ਆ। ਤੁਸੀਂ ਕਿਸੇ ਬੰਦੇ ਨੂੰ ਲੈ ਲਉ, ਉਹ ਖਰੀਦਿਆ ਜਾ ਸਕਦਾ ਹੈ। ਪਹਾੜਾ ਸਿੰਘ ਸੀ ਯਾਰ ਫਰੰਗੀਆਂ ਦਾ, ਉਹਨੇ ਕੌਮ ਵੇਚ ਦਿਤੀ। ਡੋਗਰਿਆ ਨੇ ਫੜ ਕੇ ਸਿੱਖ ਰਾਜ ਤਬਾਹ ਕਰ ਦਿਤਾ। ਸਾਡੀ ਤਾਂ ਸਾਰੀ ਹਿਸਟਰੀ ਗ਼ਦਾਰੀ ਨਾਲ ਭਰੀ ਏ। ਵਿਕ ਜਾਨੇ ਆਂ ਅਸੀਂ। ਇਹ ਤਾਂ ਸਾਰਾ ਕੁਝ ਵਿਕਣ ਵਿਕਾਣ ਦਾ ਹੋਇਆ। ਜਿਵੇਂ ਤੁਸਾਂ ਆਹ ਕੱਲ੍ਹ ਪਰਚੇ ਦੀ ਗੱਲ ਪੜ੍ਹੀ ਹੋਣੀ ਐ। ਬਈ ਜਾ ਕੇ ਇੰਦਰਾ ਗਾਂਧੀ ਨੂੰ ਆਪਾਂ ਹਾਰ ਪਾਇਆ। ਐਡਾ ਚਿੱਟਾ ਝੂਠ ਹੈ। ਝੂਠ ਹੈ ਪਰਚਾ ਵੇਚਣ ਵਾਸਤੇ। ਖਬਰ ਛਾਪਣ ਵਾਸਤੇ। ਲੇਕਿਨ ਉਹਨੇ ਆਪਣੇ ਆਪ ਨੂੰ ਸਿੱਖ ਕਿਹਾ ਉਹਨੂੰ ਮੈਂ ਸਿੱਖ ਸਮਝਕੇ ਉਹਦੇ ਤੇ ਇਤਬਾਰ ਕਰ ਲਿਆ। ਔਰ ਉਸ ਨੂੰ ਕਿਹਾ ਬਈ ਪਿਆਰਿਆ ਕੋਈ ਹਾਰ ਨਹੀਂ ਪਾਇਆ ਗਿਆ। ਉਥੇ ਕੋਈ ਡਾਕਟਰ ਮਰਵਾਹ ਨਹੀਂ ਸੀ। ਨਾਰਥ ਕੌਂਸਲ ਆਫ ਦੀ ਸਿਖ ਨੇ ਮੈਮੋਰੈਂਡਮ ਦੇਣਾ ਸੀ। ਉਨ੍ਹਾਂ ਨੂੰ ਵਕਤ ਲੈ ਕੇ ਦਿਤਾ। ਉਨ੍ਹਾਂ ਨੇ ਮੈਨੂੰ ਕਿਹਾ ਬਈ ਤੁਸੀਂ ਏਨੀ ਕਿਰਪਾ ਕਰੋ—ਵਕਤ ਲੈ ਦਿਉ, ਅਸੀਂ ਮੈਮੋਰੈਂਡਮ ਦੇਣਾ ਚਾਹੁੰਦੇ ਹਾਂ। ਆਪਾਂ ਵਕਤ ਲੈ ਦਿਤਾ। ਉਨ੍ਹਾਂ ਖੁਸ਼ੀ ਨਾਲ ਮੈਮੋਰੈਂਡਮ ਲਿਆ। ਮੈਨੂੰ ਉਹ ਕਹਿਣ ਲੱਗਾ ਤੁਹਾਡਾ ਖਿਆਲ ਕੀ ਹੈ ਇੰਦਰਾ ਗਾਂਧੀ ਬਾਰੇ ? ਮੈਂ ਕਿਹਾ ਦੇਸ਼ ਦੀ ਪਰਾਈਮ ਮਨਿਸਟਰ ਹੈ — ਦੋ ਖਿਆਲ ਕਾਹਦੇ ਨੇ ? ਜੇ ਉਹ ਦੇ ਨਾਲ ਹੀ ਸੁਲਾਹ ਹੋ ਜਾਏ, ਗੱਲ ਬਣ ਜਾਏ ਤਾਂ ਚੰਗੀ ਏ। ਆਪਾਂ ਤਾਂ ਪ੍ਰਚਾਰਕ ਹੋਣ ਕਰਕੇ ਏਸ ਕਰਕੇ ਕੋਸ਼ਿਸ਼ ਕੀਤੀ। ਲੇਕਿਨ ਉਹਦੇ ਵਿਚ ਵੀ ਅਤਿਵਾਦਤਾ ਹੈ—ਉਹਦੇ ਵਿਚ ਵੀ ਖਬਰ ਨੂੰ ਤਰੋੜ ਮਰੋੜ ਕੇ, ਗੋਲ ਕਰਕੇ, ਉਹਨੂੰ ਭੜਕਾਊ ਬਣਾ ਕੇ ਛਾਪਿਆ ਗਿਆ। ਉਹਦੇ ਵਿਚ ਵੀ ਇਹ ਕੋਈ ਇਹ ਸੁਗੰਧੀ ਨਹੀਂ ਕਿ ਸਿਖ ਕੌਮ ਦਾ ਕੋਈ ਭਲਾ ਹੋ ਜਾਏ। ਸਿਖ ਕੌਮ ਦੀ ਕੋਈ ਸੁਲ੍ਹਾ ਹੋ ਜਾਏ। ਸਿਖ ਕੌਮ ਦੀ ਕੋਈ ਸੁਣਵਾਈ ਹੋ ਜਾਏ। ਸਿਖ ਕੌਮ ਦੇ ਜਜ਼ਬਾਤ ਨਾ ਕੁਚਲੇ ਜਾਣ। ਸਿਖ ਬੱਚੇ ਨਾ ਮਰਨ। ਬਾਤ ਝਗੜੇ ਦੀ ਇਹ ਹੈ ਕਿ ਜਦ ਮੈਨੂੰ ਸਿਖੀ ਦੀ ਸੇਵਾ ਕਰਦਿਆਂ ਇਹ ਪਤਾ ਲਗ ਹੈ ਕਿ ਜਦ ਕੋਈ ਸੱਤ ਅੱਠ ਸਾਲ ਲਗਦੇ ਨੇ ਕੋਈ ਸਿਖ ਬਣਦਾ। ਗੁਰਬਾਣੀ ਪੜ੍ਹਦਾ। ਗੁਰੂ ਦੀ ਸਮਝ ਆਉਂਦੀ ਹੈ ਉਸਨੂੰ। ਜਦ ਕੋਈ ਸਿਖ ਮਰਦਾ ਮੈਂ ਸਮਝਦਾਂ ਅੱਠ ਸਾਲ ਮਰ ਗਏ। ਮੇਰੀ ਗੱਲ ਸਮਝਦੇ ਓ। ਦੋ ਸਵਾ ਦੋ ਸੌ ਸਾਲ ਸਿਖੀ ਦੇ ਬੂਟੇ ਨੂੰ ਖਾਲਸਾ ਬਣਨ ਵਿਚ ਲੱਗੇ। ਮੈਂ ਕਿਉਂਕਿ ਇਸ ਥਾਂ ਤੇ ਮਿਹਨਤ ਕਰਨਾ। ਏਸ ਕਰਕੇ ਮੈਨੂੰ ਪਤਾ ਹੈ ਕਿ ਓਥੇ ਸਿਖੀ ਦੀ ਪੀੜ ਕੀ ਏ। ਇਨ੍ਹਾਂ

ਜਿਵੇਂ ਤੁਸੀਂ ਆਹ ਕੱਲ੍ਹ ਪਰਚੇ ਦੀ ਗੱਲ ਪੜ੍ਹੀ ਹੋਣੀ ਐ। ਬਈ ਜਾ ਕੇ ਇੰਦਰਾ ਗਾਂਧੀ ਨੂੰ ਆਪਾਂ ਹਾਰ ਪਾਇਆ। ਐਡਾ ਚਿੱਟਾ ਝੂਠ ਐ। ਝੂਠ ਹੈ ਪਰਚਾ ਵੇਚਣ ਵਾਸਤੇ। ਖਬਰ ਛਾਪਣ ਵਾਸਤੇ। ਲੇਕਿਨ ਉਹਨੇ ਆਪਣੇ ਆਪ ਨੂੰ ਸਿੱਖ ਕਿਹਾ। ਉਹਨੂੰ ਮੈਂ ਸਿੱਖ ਸਮਝ ਕੇ ਉਹਦੇ ਤੇ ਇਤਬਾਰ ਕਰ ਲਿਆ। ਔਰ ਉਸਨੂੰ ਕਿਹਾ ਕਿ ਬਈ ਪਿਆਰਿਆ ਕੋਈ ਹਾਰ ਨਹੀਂ ਪਾਇਆ ਗਿਆ। ਉਥੇ ਕੋਈ ਡਾਕਟਰ ਮਰਵਾਹ ਨਹੀਂ ਸੀ।

ਅਤਿਵਾਦੀਆਂ ਨੂੰ ਕੀ ਪੀੜ ਐ। ਇਨ੍ਹਾਂ ਦੇ ਮਰ ਜਾਣ ਭਾਵੇਂ ਦੋ ਸੌ ਚਾਰ ਸੌ ਮਰ ਜਾਣ। ਜਿੰਨੇ ਮਰਨਗੇ ਅਨਾਰਕੀ ਪਏਗੀ, ਜਿੰਨੇ ਸਿੱਖ ਹੋਣਗੇ... ਅੱਜ ਦੇ ਯੁੱਗ 'ਚ ਜਿਥੇ ਮਾਈਕਰੋ ਬੱਸਟ ਨਾਲ ਵੀਹ ਮਿਲੀਅਨ ਬੰਦਾ ਮਾਰਿਆ ਜਾ ਸਕਦਾ, ਇਕ ਮਿੰਟ 'ਚ ਵੀਹ ਕਰੋੜ ਬੰਦਾ ਗਾਇਬ ਕਰ ਦਿਤਾ ਜਾ ਸਕਦਾ, ਨੇਸਤੋ ਨਬੂਦ, ਕੋਈ ਨਾਂ ਨਹੀਂ ਰਹਿ ਸਕਦਾ। ਔਰ ਉਹ ਪੰਜ ਮੀਲ ਉਤਾਂਹ ਜਾ ਕੇ ਬਸਟ ਹੋਵੇਗਾ। ਕਿਸੇ ਨੂੰ ਪਤਾ ਵੀ ਨਹੀਂ ਕਿ ਕੌਣ ਕਰ ਗਿਆ। ਅੱਜ ਓਥੇ ਥਰੀ ਨਟ ਥਰੀ ਦੀਆਂ ਰਫਲਾਂ ਲੈ ਕੇ ਜੋ ਕੁਝ ਹੁੰਦਾ ਪਿਆ ਕੀ ਤੁਸੀਂ ਉਹਦੇ ਨਾਲ ਸਹਿਮਤ ਹੋ ? ਇਹ ਜਿਹੜਾ ਗਰੀਬ ਕੋਈ ਸਿਨਮੇ 'ਚ ਬੈਠਾ ਆਪਣੇ ਟੱਬਰ ਨੂੰ ਲੈ ਕੇ ਮਨ ਦੀ ਖੁਸ਼ੀ ਵਾਸਤੇ ਆਇਆ, ਓਥੇ ਗਰਨੇਡ ਮਾਰ ਦੇਣਾ। ਇਹ ਸਿਖ ਤਾਂ ਨਹੀਂ ਕਰਦੇ ਪਏ ! ਇਹਦਾ ਸਿੱਖਾਂ ਨਾਲ ਕੋਈ ਵਾਸਤਾ ਨਹੀਂ ! ਸਿਖ ਅਤਿਵਾਦੀ ਨਹੀਂ, ਸਿਖ ਸੂਰਬੀਰ ਹੈ। ਬਹਾਦਰ ਹੈ ਯੋਧਾ ਹੈ। ਸਾਹਮਣੇ ਆ ਕੇ ਲੜਦਾ ਹੈ। ਇਹ ਤਾਂ ਸਿੱਖਾਂ ਨੂੰ ਬਦਨਾਮ ਕੀਤਾ ਜਾ ਰਿਹਾ ਹੈ ਸਿੱਖਾਂ ਤੇ ਹਮਲੇ ਕੀਤੇ ਜਾ ਰਹੇ ਨੇ। ਸਿੱਖਾਂ ਨੂੰ, ਸਿੱਖਾਂ ਦੇ ਕਾਜ਼ ਨੂੰ ਧੋਖਾ ਦਿਤਾ ਜਾ ਰਿਹਾ। Betray ਕੀਤਾ ਜਾ ਰਿਹਾ। ਇਹ Treachery ਹੈ। ਔਰ ਇਹ ਸਾਰੀ ਕੌਮਨਿਸਟ ਪਲਾਨ ਹੈ। ਇਹ K.G.B. ਦਾ ਪੈਸਾ ਹੈ। ਤੁਸੀਂ

ਮੈਨੂੰ ਕਿਹਾ ਸੀ ਕਿ ਅਮਰੀਕਾ ਵਿਚ C.I.A. ਹੈ। ਮੈਂ ਤਾਂ C.I.A. ਨੂੰ ਏਸ ਕਰਕੇ ਚੰਗਾ ਸਮਝਨਾਂ ਕਿ ਬਈ C.I.A. ਦੂਜੇ ਮੁਲਕਾਂ ਵਿਚ ਕਰਦੀ ਹੋਵੇਗੀ, ਕੇ. ਜੀ. ਬੀ. ਵੀ ਕਰਦੀ ਐ। ਏਸ ਵੇਲੇ ਸ਼ਿਕਾਰ ਅਸੀਂ ਸੀ. ਆਈ. ਏ. ਦੇ ਨਹੀਂ ਐਸ ਵੇਲੇ ਅਸੀਂ ਸ਼ਿਕਾਰ ਕੇ. ਜੀ. ਬੀ. ਦੇ ਆਂ। ਇਹਦੇ ਨਾਲ ਕੋਈ ਸਿਖ ਦੋ ਰਾਇ ਨਹੀਂ ਰੱਖ ਸਕਦਾ। ਸੀ. ਆਈ. ਏ. ਦਾ ਕੰਮ ਬੱਸ ਪਾਕਿਸਤਾਨ ਨਾਲ ਹੈ ਅਫਗਾਨਿਸਤਾਨ ਦੀ ਲੜਾਈ ਨਾਲ। ਉਹ ਓਧਰ ਅੜੇ ਹੋਏ ਨੇ। ਉਹ ਖਰੂਦ ਦਾ ਬਦਲਾ ਲੈਣ ਵਾਸਤੇ ਕੇ. ਜੀ.ਬੀ. ਪੰਜਾਬ ਵਿਚ ਅੱਗ ਲਾਈ ਫਿਰਦੀ ਐ। ਮਾਰੇ ਸਿਖ ਜਾਣਗੇ। ਗਲਬਾਤ ਤਾਂ ਨਿਬੜ ਸਕਦੀ ਏ। ਲੇਕਿਨ ਕੋਈ ਸਰਕਾਰ ਉਨਾਂ ਚਿਰ ਗਲਬਾਤ ਨਹੀਂ ਨਿਬੇੜ ਸਕਦੀ

ਸਾਡਾ ਹਿੰਦੁਸਤਾਨੀ ਭਾਈ ਸਮਝਣ ਨੂੰ ਤਿਆਰ ਨਹੀਂ। ਉਹ ਏਸ ਕਰਕੇ ਤਿਆਰ ਨਹੀਂ। ਉਹ ਗੁਰੂ ਦੀ ਮੱਤ ਲੈਣ ਨੂੰ ਤਿਆਰ ਨਹੀਂ। ... ਇਹੋ ਜਿਹੇ ਬੰਦੇ ਜੁੜੇ ਆਉਂਦੇ ਨੇ ਬਈ ਅਰਦਾਸ ਕਰ ਦਿਓ ਅਸੀਂ ਅਮੀਰ ਹੋ ਜਾਈਏ। ਅਰਦਾਸ ਕਰ ਦਿਓ ਸਾਡਾ ਕੰਮ ਬਣ ਜਾਏ। ਅਰਦਾਸ ਕਰ ਦਿਓ ਸਾਡਾ ਟੱਬਰ ਆ ਜਾਏ। ਸਾਡਾ ਮੁੰਡਾ ਵਿਆਹ ਦਿਓ। ਸਾਡੀ ਕੁੜੀ ਵਿਆਹ ਦਿਓ। ਏਸ ਤੋਂ ਵੱਧ ਕੋਈ ਨਹੀਂ।

ਜਿਨਾਂ ਚਿਰ ਗਲਬਾਤ ਨਾ ਹੋਵੇ। ਗਲਬਾਤ ਕੌਮਨਿਸਟ ਉਹ ਆਪਣੇ ਜਿਹੜੇ ਭਾਈ ਕਰਨ ਨਹੀਂ ਦਿੰਦੇ।

ਸੰਪਾਦਕ :— ਸਰਕਾਰ ਵਲੋਂ ਹੁਣ ਵੀ ਸੱਦਾ ਦਿੱਤਾ ਗਿਆ ਹੈ ਗਲਬਾਤ ਲਈ !

ਯੋਗੀ ਜੀ :— ਤੁਸੀਂ ਦੇਖੋ ਜੀ, ਤੁਸੀਂ ਮੰਨੋ ਬਈ ਜਿਹੜਾ ਮੈਮੋਰੈਂਡਮ ਨਾਰਥ ਅਮੈਰਿਕਾ ਦੀ ਸਿਖ ਕੌਂਸਲ ਨੇ ਦਿਤਾ ਉਹਦੇ ਤੋਂ ਇਨੀ ਪ੍ਰਭਾਵਤ ਹੋਈ ਇੰਦਰਾ ਗਾਂਧੀ - ਉਨ੍ਹਾਂ ਦੀ ਗਲਬਾਤ ਤੋਂ ਮੈਨੂੰ ਜਾਪਿਆ ਬਈ ਗੱਲ ਠੀਕ ਬਹਿਗੀ। ਉਨ੍ਹਾਂ ਜਾਂਦਿਆਂ ਸਾਰ ਦਰਬਾਰਾ ਸਿੰਘ ਜਿਹੜੀ ਕਿ ਕਾਂਗਰਸ ਦੀ ਮਨਿਸਟਰੀ ਤੋੜ ਦਿਤੀ। ਅਸਰ ਹੋਇਆ ਨਾ। ਕੋਈ ਮਾੜਾ ਤਾਂ ਨਹੀਂ ਕੀਤਾ ਜੇ ਸਿੱਖ ਕਾਜ਼ ਵਾਸਤੇ ਕੋਈ ਬੰਦਾ ਮੇਰੇ ਜਿਹਾ ਪ੍ਰਚਾਰਕ ਵੀ ਕੰਮ ਕਰਦਾ ਮੈਂ ਸਮਝਦਾ ਜਿਹਦੇ ਵਿਚ ਦੇਸ਼ ਦਾ ਫਾਇਦਾ, ਕੌਮ ਦਾ ਫਾਇਦਾ, ਇਹ ਦੇ ਵਿਚ ਧਰਮ ਦਾ ਫਾਇਦਾ।

ਸੰਪਾਦਕ :— ਅਮਰੀਕਨਾਂ ਨੂੰ ਧਰਮ ਬਾਰੇ ਸਮਝਦਿਆਂ ਕੋਈ ਬੋਲੀ ਦੀ ਸਮੱਸਿਆ ਨਹੀਂ ?

ਯੋਗੀ ਜੀ :— ਕੋਈ Trouble ਨਹੀਂ। ਤੁਸੀਂ ਇਹ ਅਨੁਭਵ ਕਰ ਸਕਦੇ ਹੋ ਬਈ ਇਕ ਬੰਦਾ ਆਪਣਾ ਧਰਮ ਛੱਡ ਕੇ ਗੁਰੂ ਦੇ ਚਰਨੀਂ ਲੱਗ ਗਿਆ। ਉਹਨੂੰ ਕੁਝ ਸਮਝ ਆ ਗਈ ਤਾਂ ਲੱਗ ਗਿਆ ਬਸ ਓਹੀ ਐ। ਸਾਡਾ ਹਿੰਦੁਸਤਾਨੀ ਭਾਈ ਸਮਝਣ ਨੂੰ ਤਿਆਰ ਨਹੀਂ। ਉਹ ਏਸ ਕਰਕੇ ਤਿਆਰ ਨਹੀਂ, ਉਹ ਗੁਰੂ ਦੀ ਮੱਤ ਲੈਣ ਨੂੰ ਤਿਆਰ ਨਹੀਂ। ਕੋਈ ਬੰਦਾ ਗੁਰੂ ਦੀ ਮੱਤ ਨੂੰ ਲੈਣ ਵਾਸਤੇ ਤਿਆਰ ਨਹੀਂ। ਮੈਂ ਬੜਿਆਂ ਨਾਲ ਟੱਕਰਾਂ ਮਾਰ ਕੇ ਵੇਖ ਲਿਆ। ਮੇਰਾ ਆਪਣਾ ਖਿਆਲ ਵੇ ਕਿ ਉਹ ਤਿਆਰ ਹੀ ਨਹੀਂ। ਏਹੋ ਜਿਹੇ ਬੰਦੇ ਜੁੜੇ ਆਉਂਦੇ ਨੇ ਬਈ ਅਰਦਾਸ ਕਰ ਦਿਉ ਅਸੀਂ ਅਮੀਰ ਹੋ ਜਾਈਏ। ਅਰਦਾਸ ਕਰ ਦਿਉ ਸਾਡਾ ਕੰਮ ਬਣ ਜਾਏ। ਅਰਦਾਸ ਕਰ ਦਿਉ ਸਾਡਾ ਟੱਬਰ ਆ ਜਾਏ। ਸਾਡਾ ਮੁੰਡਾ ਵਿਆਹ ਦਿਉ। ਸਾਡੀ ਕੁੜੀ ਵਿਆਹ ਦਿਉ। ਏਸ ਤੋਂ ਵਧ ਕੋਈ ਨਹੀਂ।

ਕੈਲਗਰੀ ਵਿਚ ਰੈਲਫ ਕਲਾਇਨ ਦੀ ਧਮਾਕੇਦਾਰ ਜਿੱਤ—ਦੁਬਾਰਾ ਮੇਅਰ ਚੁਣੇ ਗਏ

ਕੈਲਗਰੀ—ਸੋਮਵਾਰ 17 ਅਕਤੂਬਰ ਨੂੰ ਕੈਲਗਰੀ ਦੇ ਮੇਅਰ ਦੀ ਚੋਣ ਵਿਚ ਕੈਲਗਰੀ ਦੇ ਪਹਿਲੇ ਮੇਅਰ ਮਿ: ਰੈਲਫ ਕਲਾਇਨ ਭਾਰੀ ਬਹੁਮਤ ਨਾਲ ਚੁਣੇ ਗਏ। ਇਕ ਅੰਕੜੇ ਅਨੁਸਾਰ ਉਨ੍ਹਾਂ ਨੂੰ ਇਕ ਲੱਖ 32 ਹਜ਼ਾਰ ਤੋਂ ਵੱਧ ਵੋਟਾਂ ਮਿਲੀਆਂ ਜਦ ਕਿ ਉਨ੍ਹਾਂ ਦੀ ਵਿਰੋਧੀ ਸੂਅ ਹਿਗਨਿਜ਼ ਨੂੰ ਕੁੱਲ 17 ਹਜ਼ਾਰ ਵੋਟ ਪਈ। ਤੀਜੇ ਉਮੀਦਵਾਰ ਕੇਵਲ 2424 ਵੋਟਾਂ ਹੀ ਲੈ ਸਕੇ ਵਾਰਡਾਂ ਦੀ ਚੋਣ ਇਸ ਪ੍ਰਕਾਰ ਹੈ :— ਵਾਰਡ 1.—ਡੇਲ ਹੌਜਜ਼, ਵਾਰਡ 2.—ਥਰੇਸਾ ਬੈਕਸਟਰ, ਵਾਰਡ 3.—ਬੌਬ ਹਾਕਸਵਰਥ ਵਾਰਡ 4.—ਡੌਨ ਹਾਰਟਮੈਨ ਵਾਰਡ 5.—ਲੇਸ ਪੀਅਰਜ਼, ਵਾਰਡ 6.—ਰੌਨ ਲੇਅ ਵਾਰਡ 7.—ਟਿਮ ਵਾਰਡਸਲੇਅ ਵਾਰਡ 8.—ਬਾਰਬ ਸਕੌਟ, ਵਾਰਡ 9.—ਐਲ ਡੂਅਰ, ਵਾਰਡ 10.—ਰੇਅ ਕਲਾਰਕ ਵਾਰਡ 11.—ਕਰੈਗ ਰੀਡ ਵਾਰਡ 12.— ਲੈਰੀ ਗਿੱਲਕਰਿਸਟ ਵਾਰਡ 13.—ਜਿਮ ਬਿੱਲ ਵਾਰਡ 14.—ਡੀਆਨ ਹੰਟਰ—
ਭਾਰਤੀ ਕਮਿਊਨਿਟੀ ਨੇ ਮੁਕੰਮਲ ਤੌਰ ਤੇ ਰੈਲਫ ਕਲਾਇਨ ਦੀ ਮਦਦ ਕੀਤੇ ਜਾਣ ਦੀਆਂ ਖਬਰਾਂ ਵੀ ਆਈਆਂ ਹਨ।



ਜੇਤੂ ਮੇਅਰ ਰੈਲਫ ਕਲਾਇਨ —ਖੱਬੇ ਮਲਕੀਤ ਬਰਾੜ ਖੜੇ ਹਨ।

ਐਡਮਿੰਟਨ ਦਾ ਨਵਾਂ ਮੇਅਰ — ਲਾਰੰਸ ਡੀਕੋਰ

ਐਡਮਿੰਟਨ — ਐਡਮਿੰਟਨ ਦੇ ਪਿਛਲੇ ਮੇਅਰ ਸਿਕ ਪਰਵਸ ਮੇਅਰ ਦੀ ਚੋਣ ਹਾਰ ਗਏ ਹਨ ਅਤੇ ਉਨ੍ਹਾਂ ਦੀ ਥਾਂ ਲਾਰੰਸ ਡੀਕੋਰ ਚੁਣੇ ਗਏ ਹਨ।



CEC PURVES



RAY CLARK



ਹਰਜੰਟ ਗਿੱਲ, ਮਲਕੀਤ ਬਰਾੜ, ਜੇਤੂ ਉਮੀਦਵਾਰ ਰੇਅ ਕਲਾਰਕ ਨਾਲ



'ਕੈਨੇਡਾ ਦਰਪਣ' ਦੇ ਮੁਖ ਸੰਪਾਦਕ ਦਰਸ਼ਨ ਗਿੱਲ, ਰੈਲਫ ਕਲਾਇਨ, ਡਾਕਟਰ ਡੇਵਿਡ

ਪੰਜਾਬ ਦਰਪਣ

ਪੰਜਾਬ ਵਿਚ ਹਿੰਸਾਤਮਕ ਘਟਨਾਂਵਾ ਵਧੀਆਂ

ਪੰਜਾਬ ਦੀ ਡਾਇਰੀ (ਪੰਨਾ 4 ਦੀ ਬਾਕੀ)

ਅਤੇ ਉਸ ਤੋਂ ਬਾਅਦ ਉਸਨੂੰ ਅੰਮ੍ਰਿਤਸਰ ਜਲੰਧਰ ਦੀ ਜੀ. ਟੀ. ਰੋਡ ਤੇ ਲੈ ਆਏ। ਇਸ ਤੋਂ ਬਾਅਦ ਬਸ ਬਾਰੇ ਅਜ ਤਕ ਕੁਝ ਪਤਾ ਨਹੀਂ ਚਲ ਸਕਿਆ

ਅਤਿਵਾਦੀਆਂ ਦੇ ਹਮਲੇ ਵਿਚੋਂ ਵਿਜੇ ਕੁਮਾਰ ਬਚਿਆ, ਇਹ ਵੀ ਇਕ ਗੈਬੀ ਚਮਤਕਾਰ ਹੈ। ਦਸਿਆ ਜਾਂਦਾ ਹੈ ਕਿ ਅਤਿਵਾਦੀਆਂ ਨੇ ਜਾਂਦੇ ਜਾਂਦੇ ਉਸਨੂੰ ਠੋਕਰ ਮਾਰ ਕੇ ਵੇਖਿਆ ਕਿ ਕੀ ਇਹ ਜ਼ਿੰਦਾ ਹੈ ਜਾਂ ਮਰ ਗਿਆ ਹੈ ? ਤੇ ਫਿਰ ਇਹ ਕਹਿਕੇ ਚਲੇ ਗਏ ਕਿ ਇਹ ਵੀ ਮਰ ਗਿਆ ਹੈ। ਵਿਜੇ ਕੁਮਾਰ ਨੇ ਪੁਲਸ ਨੂੰ ਇਹ ਕਿਹਾ ਦਸਿਆ ਜਾਂਦਾ ਹੈ ਕਿ ਉਹ ਸਾਹ ਰੋਕ ਕੇ ਲੰਮਾ ਪਿਆ ਰਿਹਾ। ਜਦ ਅਤਵਾਦੀ ਬੱਸ ਲੈ ਕੇ ਚਲੇ ਗਏ ਤਾਂ ਉਹ ਖੂਨ ਨਾਲ ਲਥਪਥ ਹੋਣ ਦੇ ਬਾਵਜੂਦ ਵੀ ਘਿਸਰ ਘਿਸਰ ਕੇ ਲਿੰਕ ਰੋਡ ਤੋਂ ਜੀ. ਟੀ. ਰੋਡ ਤੇ ਆ ਗਿਆ। ਸਵੇਰੇ ਉਸਨੂੰ ਉਥੋਂ ਬੇਹੋਸ਼ੀ ਦੀ ਹਾਲਤ ਵਿਚ ਚੁਕਿਆ ਗਿਆ।

ਕਪੂਰਥਲਾ ਪੁਲਸ ਨੂੰ ਇਸ ਭਿਆਨਕ ਕਲਤਕਾਂਡ ਦੀ ਸੂਚਨਾ ਸੰਜੋਗ ਨਾਲ ਹੀ ਮਿਲੀ। ਸਵੇਰੇ ਦੋ ਕਾਂਸਟੇਬਲ ਨੂਰਪੁਰ ਪਿੰਡ ਵਿਚ ਕਿਸੇ ਵਿਅਕਤੀ ਦੇ ਸਮਨਾਂ ਦੇ ਤਾਮੀਲ ਕਰਾਉਣ ਲਈ ਜਾ ਰਹੇ ਸਨ ਕਿ ਉਨ੍ਹਾਂ ਨੂੰ ਸੜਕ ਦੇ ਕਿਨਾਰੇ ਕੁਝ ਲਾਸ਼ਾ ਪਈਆਂ ਦਿਸੀਆਂ। ਇਸ ਤੇ ਉਨ੍ਹਾਂ ਤੁਰੰਤ ਹੀ ਢਿਲਵਾਂ ਪੁਲਸ ਨੂੰ ਸੂਚਨਾ ਦਿਤੀ ਤੇ ਛੇਤੀ ਹੀ ਇਹ ਸਾਰੀ ਖਬਰ ਜੰਗਲ ਦੀ ਅੱਗ ਵਾਂਗ ਸਾਰੇ ਪੰਜਾਬ ਵਿਚ ਫੈਲ ਗਈ।

ਜਿਸ ਥਾਂ ਤੇ ਇਹ ਭਿਆਨਕ ਖੂਨ ਖਰਾਬਾ ਹੋਇਆ, ਉਹ ਬਿਲਕੁਲ, ਹੀ ਖੁਲ੍ਹੇ ਖੇਤ ਹਨ। ਮੁੰਡੇਰ ਬੇਟ ਪਿੰਡ ਦੀ ਅਬਾਦੀ ਘਟਨਾ ਵਾਲੀ ਥਾਂ ਤੋਂ ਕਾਫੀ ਦੂਰ ਹੈ ਪਰ ਇਸ ਦੇ ਤਿੰਨ ਵਾਸੇ ਡੇਢ ਸੌ ਤੋਂ ਢਾਈ ਸੌ ਮੀਟਰ ਦੀ ਦੂਰੀ ਤੇ ਤਿੰਨ ਹਵੇਲੀਆਂ ਬਣੀਆਂ ਹੋਈਆਂ ਹਨ। ਇਕ ਹਵੇਲੀ ਵਿਚ ਰਹਿਣ ਵਾਲੀ ਔਰਤ ਨੇ ਦਸਿਆ ਕਿ ਕਾਫੀ ਰਾਤ ਬੀਤ ਚੁਕੀ ਸੀ, ਉਹ, ਉਸਦਾ ਪਤੀ ਅਤੇ ਤਿੰਨ ਬੱਚੇ ਹਵੇਲੀ ਵਿਚ ਸੁੱਤੇ ਪਏ ਸਨ। ਅਚਾਨਕ ਗੋਲੀਆਂ ਚਲਣ ਦੀ ਅਵਾਜ਼ ਸੁਣਾਈ ਦੇਣ ਲੱਗੀ। ਮੇਰਾ ਪਤੀ ਬੱਚਿਆਂ ਨੂੰ ਲੈ ਕੇ ਗੰਨੇ ਦੇ ਖੇਤਾਂ ਵਲ ਭਜ ਗਿਆ। ਮੈਂ ਵੀ ਗੰਨੇ ਦੇ ਖੇਤਾਂ 'ਚ ਚਲੀ ਗਈ। ਸਾਰੀ ਰਾਤ ਅਸੀਂ ਗੰਨੇ ਦੇ ਖੇਤਾਂ ਵਿਚ ਹੀ ਰਹੇ। ਲਗਭਗ ਅੱਧਾ ਘੰਟਾ ਗੋਲੀਆਂ ਚਲਦੀਆਂ ਰਹੀਆਂ। ਫਿਰ ਇਕ ਬਸ ਦੇ ਚਲਣ ਦੀ ਆਵਾਜ਼ ਆਈ। ਇਸ ਕਾਰਨ ਸਾਨੂੰ ਗੰਨੇ ਦੇ ਖੇਤਾਂ ਵਿਚੋਂ ਬਾਹਰ ਆਉਣ ਦਾ ਹੌਂਸਲਾ ਨਾ ਪਿਆ।

ਔਰਤ ਨੇ ਸਿਸਕੀਆਂ ਭਰਦੇ ਹੋਏ ਦਸਿਆ ਕਿ ਸਵੇਰੇ ਸਾਢੇ 6 ਵਜੇ ਦੇ ਕਰੀਬ ਜਦੋਂ ਕੁਝ ਪੁਲਸ ਕਰਮਚਾਰੀ ਇਧਰੋਂ ਲੰਘੇ ਤਾਂ ਉਨ੍ਹਾਂ ਇਹ ਲਾਸ਼ਾਂ ਪਈਆਂ ਦੇਖੀਆਂ। ਜਦੋਂ ਅਸੀਂ ਲਾਸ਼ਾਂ ਦੇਖੀਆਂ ਤਾਂ ਸਾਡਾ ਕਲੇਜਾ ਮੂੰਹ ਨੂੰ ਆ ਗਿਆ। ਪਤਾ ਨਹੀਂ ਕਿਹੜੀਆਂ ਮਾਵਾਂ ਦੇ ਪੁੱਤਰ ਉਨ੍ਹਾਂ ਦੀਆਂ ਗੋਦੀਆਂ ਵਿਚੋਂ ਖੋਹ ਲਏ ਗਏ ਹਨ ਅਤੇ ਪਤਾ ਨਹੀਂ ਕਿੰਨਾਂ ਔਰਤਾਂ ਦਾ ਸੁਹਾਗ ਲੁਟ ਲਿਆ ਗਿਆ ਹੈ। ਔਰਤ ਨੇ ਦਸਿਆ ਕਿ ਦੁਪਹਿਰ ਦੇ 12 ਵਜ ਚੁਕੇ ਹਨ ਪਰ ਸਾਡੇ ਘਰ ਅਜ ਸਵੇਰ ਦਾ ਚੁਲ੍ਹਾ ਨਹੀਂ ਬਲਿਆ। ਕੁਝ ਵੀ ਖਾਣ ਨੂੰ ਦਿਲ ਨਹੀਂ ਕਰ ਰਿਹਾ। ਲਾਸ਼ਾਂ ਨੂੰ ਤਾਂ ਦੇਖਿਆ ਨਹੀਂ ਜਾਂਦਾ ਸੀ।

ਪੁਲਸ ਨੇ ਘਟਨਾ ਵਾਲੀ ਥਾਂ ਤੋਂ ਲਾਸ਼ਾਂ ਨੂੰ ਚੁਕਣ ਲਈ ਅਤੇ ਆਸਪਾਸ ਦੇ ਪੇਂਡੂਆਂ ਨੂੰ ਸਦਿਆ। ਪੇਂਡੂਆਂ ਦੀ ਮਦਦ ਨਾਲ ਪੁਲਸ ਨੇ ਲਾਸ਼ਾਂ ਨੂੰ ਚੁਕਕੇ ਟਰੱਕ ਵਿਚ ਰੱਖ ਲਿਆ। ਸਭ ਮ੍ਰਿਤਕਾਂ ਦੇ ਸਰੀਰ ਤੇ ਕਪੜੇ ਸਨ ਪਰ ਘਟਨਾ ਵਾਲੀ ਥਾਂ ਤੋਂ ਇਕ ਵਧੀਆ ਟੈਰੀਕਾਟ ਦੀ ਕਮੀਜ਼ ਮਿਲੀ ਹੈ। ਜਿਸ ਉਤੇ ਖੂਨ ਦੇ ਨਿਸ਼ਾਨ ਸਨ, ਇਹ ਕਮੀਜ਼ ਕਿਸੇ 35-40 ਸਾਲ ਦੀ ਉਮਰ ਦੇ ਚੰਗੀ ਸਿਹਤ ਵਾਲੇ ਵਿਅਕਤੀ ਦੀ ਲਗਦੀ ਹੈ। ਘਟਨਾ ਵਾਲੀ ਥਾਂ ਤੋਂ ਅੰਗਰੇਜ਼ੀ ਸ਼ਰਾਬ ਦਾ ਇਕ ਖਾਲੀ ਕਵਾਰਟਰ ਵੀ ਮਿਲਿਆ ਹੈ। ਪੁਲਸ ਨੇ ਇਹ ਸਭ ਚੀਜ਼ਾਂ ਆਪਣੇ ਕਬਜ਼ੇ ਵਿਚ ਲੈ ਲਈਆਂ ਹਨ, ਘਟਨਾ ਵਾਲੀ ਥਾਂ ਤੇ ਲੱਗੇ ਹੋਏ ਖੂਨ ਦੇ ਛੱਪੜ ਇਸ ਦਰਦਨਾਕ ਘਟਨਾ ਦੀ ਗਵਾਹੀ ਭਰ ਰਹੇ ਸਨ।

ਇਸ ਡੀਲਕਸ ਬੱਸ ਦੇ ਕੰਡਕਟਰ ਦਲਜੀਤ ਸਿੰਘ ਨੇ ਸਵੇਰੇ ਸਾਢੇ ਅੱਠ ਵਜੇ ਅੰਮ੍ਰਿਤਸਰ ਪਹੁੰਚ ਕੇ ਆਪਣੇ ਮਾਲਿਕਾਂ ਨੂੰ ਰਾਤ ਦੀ ਸਾਰੀ ਘਟਨਾ ਦੀ ਸੂਚਨਾ ਦਿਤੀ। ਇਸ ਤੇ ਮਾਲਿਕਾਂ ਵਿਚੋਂ ਇਕ ਸ੍ਰੀ ਸੰਧੂ ਵੀ ਘਟਨਾ ਵਾਲੀ ਥਾਂ ਤੇ ਪਹੁੰਚੇ। ਇਕ ਸੂਚਨਾ ਦੇ ਅਨੁਸਾਰ ਬਸ ਦੇ ਡਰਾਈਵਰ ਤੇ ਕੰਡਕਟਰ ਸੁਭਾਨਪੁਰ ਥਾਣੇ ਵਿਚ ਜਾ ਕੇ ਘਟਨਾ ਦੀ ਸੂਚਨਾ ਦਿਤੀ।

ਅਤਿਵਾਦੀਆਂ ਨੇ ਜਿਹੜੇ ਮੁਸਾਫਰਾਂ ਨੂੰ ਇਕ ਪਿੰਡ ਦੇ ਕੋਲ ਉਤਾਰ ਦਿਤਾ ਸੀ, ਪੁਲਸ ਉਨ੍ਹਾਂ ਵਿਚੋਂ ਕਿਸੇ ਨਾਲ ਵੀ ਸੰਪਰਕ ਸਥਾਪਤ ਨਹੀਂ ਕਰ ਸਕੀ। ਪੁਲਸ ਅਧਿਕਾਰੀਆਂ ਨੇ ਇਸ ਭਿਆਨਕ ਕਤਲੇਆਮ ਦੀ ਵਧੇਰੇ ਜਾਣਕਾਰੀ ਬਸ ਦੇ ਡਰਾਈਵਰ ਅਤੇ ਕੰਡਕਟਰ ਤੋਂ ਹੀ ਮਿਲੀ ਹੈ।

ਬਸ ਕੰਪਨੀ ਦੇ ਇਕ ਬੁਲਾਰੇ ਨੇ ਸਾਡੇ ਪੱਤਰਕਾਰ ਮਨਜੀਤ ਸਿੰਘ ਰੱਤੂ ਨੂੰ ਦਸਿਆ ਕਿ ਕਲ ਰਾਤ ਜਦ "ਲਾਭ ਸਿੰਘ ਪਾਰਟੀ" ਦੇ ਸਭ ਮੈਂਬਰ ਬਸ ਵਿਚ ਸਵਾਰ ਹੋਏ ਤਾਂ ਉਨ੍ਹਾਂ ਵਿਚੋਂ ਕਿਸੇ ਦੇ ਕੋਲ ਕੋਈ ਵੀ ਹਥਿਆਰ ਦਿਖਾਈ ਨਹੀਂ ਦਿਤਾ। ਅਜਿਹਾ ਲਗਦਾ ਹੈ ਕਿ ਉਨ੍ਹਾਂ ਨੇ ਆਪਣੇ ਹਥਿਆਰ ਆਪਣੇ ਥੈਲਿਆਂ ਵਿਚ ਲੁਕਾਏ ਹੋਏ ਸਨ। ਕਪੂਰਥਲਾ ਪੁਲਸ ਨੇ ਇਸ ਕਤਲੇਆਮ ਦੇ ਸੰਬੰਧ ਵਿਚ ਧਾਰਾ 302 ਤੇ 307 ਅਧੀਨ ਕੇਸ ਦਰਜ ਕਰ ਲਿਆ ਹੈ।

ਅਜ ਸਵੇਰੇ ਲਗਭਗ 8 ਵਜੇ ਅੰਮ੍ਰਿਤਸਰ ਵਲ ਆ ਰਹੀ ਹਾਵੜਾ ਮੇਲ ਦੇ ਇਕ ਡੱਬੇ ਵਿਚ ਤਿੰਨ ਸਿਖ ਅਤਿਵਾਦੀਆਂ ਨੇ ਦਾਖਲ ਹੋ ਕੇ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿਤੀਆਂ ਅਤੇ ਕਈ ਮੁਸਾਫਰਾਂ ਨੂੰ ਲੁੱਟ ਲਿਆ। ਦਸਿਆ ਜਾਂਦਾ ਹੈ ਕਿ ਇਹ ਅਤਿਵਾਦੀ ਅੰਮ੍ਰਿਤਸਰ ਤੋਂ 8 ਕਿਲੋਮੀਟਰ ਦੇ ਫਾਸਲੇ ਸਥਿਤ ਮਾਨਾਂਵਾਲਾ ਰੇਲਵੇ ਸਟੇਸ਼ਨ ਤੇ ਜਦੋਂ ਗੱਡੀ ਤੋਂ ਹੌਲੀ ਹੌਲੀ ਉਤਰ ਗਏ ਇਸ ਤੋਂ ਪਹਿਲਾਂ ਉਨ੍ਹਾਂ ਨੇ ਰੇਲਵੇ ਮੁਸਾਫਰਾਂ ਤੇ ਫਾਇਰਿੰਗ ਕਰਕੇ ਦਹਿਸਤ ਫੈਲਾਈ ਅਤੇ ਲਗਭਗ ਅੱਧੀ ਦਰਜਨ ਮੁਸਾਫਰਾਂ ਨੂੰ ਜ਼ਖਮੀ ਕਰ ਦਿਤਾ।

ਜ਼ਖਮੀਆਂ ਵਿਚੋਂ ਪਿਆਰਾ ਸਿੰਘ ਸਬ-ਇੰਸਪੈਕਟਰ ਰਾਜਾ ਸਾਂਸੀ ਅਤੇ ਸ੍ਰੀ ਐਸ. ਪੀ. ਸੂਰੀ ਕਸਟਮਜ਼ ਇੰਸਪੈਕਟਰ ਰੇਲਵੇ ਹਲਾਕ ਹੋ ਗਏ। ਉਨ੍ਹਾਂ ਵਿਚੋਂ ਇਕ ਦੀ ਲਾਸ਼ ਬਰਥ ਤੇ ਪਈ ਸੀ। ਪਿਆਰਾ ਸਿੰਘ ਦੀ ਲਾਸ਼ ਡੱਬੇ ਦੇ ਫਰਸ਼ ਤੋਂ ਮਿਲੀ। ਚਾਰ ਹੋਰ ਜ਼ਖਮੀ ਆਦਮੀਆਂ ਨੂੰ ਅੰਮ੍ਰਿਤਸਰ ਦੇ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਹੈ। ਇਨ੍ਹਾਂ ਵਿਚ ਸ੍ਰੀ ਮੰਗਤ ਰਾਮ ਮਲਹੋਤਰਾ ਆਫ ਜਲੰਧਰ ਸ੍ਰੀ ਓਮ ਪ੍ਰਕਾਸ਼ ਸ਼ਰਮਾ ਅਤੇ ਸ੍ਰੀ ਰਮੇਜ਼ ਆਫ ਅੰਮ੍ਰਿਤਸਰ ਵੀ ਸ਼ਾਮਲ ਹਨ। ਜਦੋਂ ਇਨ੍ਹਾਂ ਜ਼ਖਮੀਆਂ ਨੂੰ ਹਸਪਤਾਲ ਵਿਚ ਲਿਆਂਦਾ ਗਿਆ ਉਥੇ ਕਾਫੀ ਭੀੜ ਲਗ ਗਈ।

ਢਿਲਵਾਂ ਨੇੜੇ 6 ਵਿਅਕਤੀਆਂ ਨੂੰ ਅਤੇ ਅੰਮ੍ਰਿਤਸਰ ਨੇੜੇ ਹਾਵੜਾ ਮੇਲ ਵਿਚ ਦੋ ਵਿਅਕਤੀਆਂ ਨੂੰ ਅਤਿਵਾਦੀਆਂ ਵਲੋਂ ਕਤਲ ਕਰ ਦੇਣ ਤੋਂ ਬਾਅਦ ਅੰਮ੍ਰਿਤਸਰ ਸ਼ਹਿਰ ਵਿਚ ਜ਼ਬਰਦਸਤ ਖਿਚਾਅ ਪਾਇਆ ਜਾਂਦਾ ਹੈ। ਰੇਲਵੇ ਸਟੇਸ਼ਨ ਦੇ ਨਾਲ ਲਗਦੀਆਂ ਸਭ ਦੁਕਾਨਾਂ ਅਜ ਬੰਦ ਰਹੀਆਂ। ਸ਼ਹਿਰ ਵਿਚ ਇਕ ਫਿਰਕੇ ਦੇ ਲੋਕਾਂ ਨੇ ਜਲੂਸ ਕਢਕੇ ਲੋਕਾਂ ਨੂੰ ਹੜਤਾਲ ਕਰਨ ਲਈ ਕਿਹਾ।

ਅੰਮ੍ਰਿਤਸਰ—ਪੰਜਾਬ ਵਿਚ ਹਿੰਸਾਤਮਕ ਘਟਨਾਂਵਾ ਦਾ ਲਗਾਤਾਰ ਵਧਣਾ ਪੰਜਾਬ ਦੇ ਲੋਕਾਂ ਲਈ ਚਿੰਤਾ ਦਾ ਕਾਰਨ ਬਣਿਆ ਹੋਇਆ ਹੈ। ਜਿਥੇ ਪਿੰਡਾਂ ਵਿਚ ਕੇਵਲ ਇੱਕੜ ਦੁਕੜ ਘਟਨਾਂਵਾ ਵਾਪਰਦੀਆਂ ਹਨ ਜਿਨਾਂ ਵਿਚ ਨਿੱਜੀ ਦੁਸ਼ਮਣੀਆਂ ਕੱਢੇ ਜਾਣ ਦੇ ਸਮਾਚਾਰ ਵੀ ਮਿਲੇ ਹਨ ਉਥੇ ਸ਼ਹਿਰਾਂ ਵਿਚ ਤਨਾਅ ਦੀ ਸਥਿਤੀ ਮੌਜੂਦ ਹੈ। ਅੰਮ੍ਰਿਤਸਰ ਦੇ ਇਕ ਸੂਤਰ ਅਨੁਸਾਰ ਜਦੋਂ ਸੰਤ ਲੌਂਗੋਵਾਲ ਨੇ ਰਾਸ਼ਟਰਪਤੀ ਰਾਜ ਤੇ ਦਰਬਾਰਾ ਸਿੰਘ ਵਜ਼ਾਰਤ ਦੀ ਬਰਤਰਫੀ ਨੂੰ ਠੀਕ ਕਰਾਰ ਦਿਤਾ ਤਾਂ ਪਿਛਲੇ ਹਫਤੇ ਹੋਈ ਮੀਟਿੰਗ ਵਿਚ ਇਕ ਗਰਮ ਧੜੀਏ ਨੇ ਇਤਰਾਜ਼ ਕੀਤਾ ਜਾਣਕਾਰ ਸੂਤਰਾਂ ਦਾ ਕਹਿਣਾ ਹੈ ਕਿ ਇਕ ਸਟੇਜ ਤੇ ਸੰਤ ਲੌਂਗੋਵਾਲ ਹੋਰਾਂ ਨੇ ਆਪਣੇ ਅਸਤੀਫੇ ਦੀ ਪੇਸ਼ਕਸ਼ ਵੀ ਕੀਤੀ। ਕਿ ਜੋ ਉਨ੍ਹਾਂ ਤੋਂ ਚੰਗੇ ਢੰਗ ਨਾਲ ਮੋਰਚਾ ਚਲਾ ਸਕਦਾ ਹੈ ਤਾਂ ਉਹ ਸਾਂਭ ਲਵੇ। ਇਸ ਤੇ ਗਰਮ ਖਿਆਲੀਆਂ ਨੂੰ ਚੁੱਪ ਕਰਨਾ ਪਿਆ ਤੇ ਉਨ੍ਹਾਂ ਨੇ ਮੀਟਿੰਗ ਤੋਂ ਬਾਹਰ ਆਣ ਕੇ - ਸਰਬ ਸੰਮਤੀ ਨਾਲ ਪਾਸ ਹੋਏ ਮਤੇ ਅਨੁਸਾਰ ਕਿਹਾ ਕਿ ਉਹ ਦਰਬਾਰਾ ਸਿੰਘ ਵਜ਼ਾਰਤ ਦੀ ਬਰਤਰਫੀ ਦਾ ਤੇ ਰਾਸ਼ਟਰਪਤੀ ਰਾਜ ਦਾ ਸੁਵਾਗਤ ਕਰਦੇ ਹਨ। ਪੰਜਾਬ ਵਿਚ ਬਹੁਤੀ ਚਿੰਤਾ ਦਾ ਕਾਰਨ ਹਰਿਆਣੇ ਦੀਆਂ ਘਟਨਾਵਾਂ ਹਨ। ਤੇ ਅਕਾਲੀ ਲੀਡਰਸ਼ਿਪ ਭਜਨ ਲਾਲ ਦੇ ਵਤੀਰੇ ਤੇ ਕਾਫੀ ਔਖੀ ਹੈ।

ਭਜਨ ਲਾਲ ਵਲੋਂ ਅਕਾਲੀ ਆਗੂਆਂ ਦੇ ਬਿਆਨਾਂ ਦੀ ਨਿੰਦਾ

ਚੰਡੀਗੜ੍ਹ—ਹਰਿਆਣੇ ਦੇ ਮੁਖ ਮੰਤਰੀ ਭਜਨ ਲਾਲ ਨੇ ਅਕਾਲੀ ਲੀਡਰਸ਼ਿਪ ਨੂੰ ਚਿਤਾਵਨੀ ਦਿਤੀ ਹੈ ਕਿ ਜੇਕਰ ਉਹਨਾਂ ਨੂੰ ਬਾਕੀ ਦੇਸ਼ ਵਿਚ ਸਿੱਖਾਂ ਦੀ ਭਲਾਈ ਪਿਆਰੀ ਹੈ ਤਾਂ ਉਹ ਪੰਜਾਬ ਵਿਚ ਅਮਨ ਭੰਗ ਨਾ ਕਰਨ। ਮੁਖ ਮੰਤਰੀ ਨੇ ਇਹ ਚਿਤਾਵਨੀ ਇਥੇ ਕਾਹਲੀ ਕਾਹਲੀ ਬੁਲਾਈ ਪਰੈਸ ਕਾਨਫਰੰਸ ਵਿਚ ਦਿਤੀ ਅਤੇ ਉਹਨਾ ਬੁਧਵਾਰ ਦੀ ਰਾਤ ਨੂੰ ਕਪੂਰਥਲਾ ਜ਼ਿਲੇ 'ਚ ਢਿਲਵਾਂ ਕੋਲ ਛੇ ਬਸ ਮੁਸਾਫਰਾਂ ਦੇ ਕਤਲ ਦੀ ਸਖਤ ਨਿਖੇਧੀ ਕੀਤੀ।

ਉਹਨਾਂ ਦੋਸ਼ ਲਾਇਆ ਕਿ ਅਕਾਲੀ ਲੀਡਰਾਂ ਦਾ ਇਕ ਹਿਸਾ "ਬਦੇਸ਼ੀ ਤਾਕਤਾਂ" ਦੇ ਹੱਥਾਂ ਵਿਚ ਖੇਡ ਰਿਹਾ ਹੈ, ਜਿਹੜੀਆਂ ਦੇਸ਼ ਦੇ ਅਮਨ ਨੂੰ ਭੰਗ ਕਰਨਾ ਚਾਹੁੰਦੀਆਂ ਹਨ। ਉਹਨਾਂ ਅਕਾਲੀ ਮੁਖੀ ਸੰਤ ਹਰਚੰਦ ਸਿੰਘ ਲੌਂਗੋਵਾਲ ਅਤੇ ਅਤਿਵਾਦੀ ਸਿੱਖ ਲੀਡਰ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਵਲੋਂ ਪੰਜਾਬ ਤੇ ਚੰਡੀਗੜ੍ਹ ਨੂੰ ਗੜਬੜ ਵਾਲੇ ਖੇਤਰ ਕਰਾਰ ਦੇਣ ਦੇ ਖਿਲਾਫ ਬਿਆਨਾਂ ਦੀ ਨਿਖੇਧੀ ਕਰਦਿਆਂ ਕਿਹਾ ਕਿ ਇਨ੍ਹਾਂ ਬਿਆਨਾਂ ਨਾਲ ਅਤਿਵਾਦੀਆਂ ਨੂੰ ਸ਼ਹਿ ਮਿਲੇਗੀ। ਸ੍ਰੀ ਭਜਨ ਲਾਲ ਨੇ ਦੋਸ਼ ਲਾਇਆ ਕਿ ਕੁਝ ਇਸ਼ਤਿਹਾਰੀ ਮੁਜਰਮ ਧਾਰਮਕ ਅਸਥਾਨਾਂ ਵਿਚ ਛੁਪੇ ਹੋਏ ਹਨ ਅਤੇ ਕਿਹਾ ਕਿ ਇਹ ਅਕਾਲੀਆਂ ਦੀ ਜ਼ਿੰਮੇਵਾਰੀ ਹੈ ਕਿ ਉਹ ਉਹਨਾਂ ਨੂੰ ਅਧਿਕਾਰੀਆਂ ਦੇ ਹਵਾਲੇ ਕਰਨ ਤਾਂ ਜੋ ਉਹਨਾਂ ਵਿਰੁਧ ਕਾਰਵਾਈ ਕੀਤੀ ਜਾ ਸਕੇ।

ਮੁਖ ਮੰਤਰੀ ਨੇ ਭਾਜਪਾ ਲੀਡਰਸ਼ਿਪ ਨੂੰ ਤਾੜਨਾ ਕੀਤੀ ਕਿ ਉਹ ਸੂਬੇ ਵਿਚ ਫਿਰਕੂ ਤਨਾਓ ਪੈਦਾ ਕਰਕੇ ਰਾਜ ਦੇ ਅਮਨ ਨੂੰ ਭੰਗ ਕਰਨ ਦਾ ਜਤਨ ਨਾ ਕਰੇ। ਉਹਨਾਂ 'ਬੰਦ' ਦਾ ਸੱਦਾ ਦੇਣ ਲਈ ਭਾਜਪਾ ਦੀ ਨਿਖੇਧੀ ਕੀਤੀ।

ਅੰਮ੍ਰਿਤਸਰ ਜੇਲ੍ਹ ਦਾ ਡਿਪਟੀ ਸੁਪਰਡੈਂਟ ਅਗਵਾ

ਚੰਡੀਗੜ੍ਹ—ਅੰਮ੍ਰਿਤਸਰ ਜੇਲ੍ਹ ਦੀ ਡਿਪਟੀ ਸੁਪਰਡੈਂਟ ਹਰਦੀਪ ਸਿੰਘ ਨੂੰ ਅਤਿਵਾਦੀ ਅਗਵਾ ਕਰਕੇ ਗੁਰੂ ਨਾਨਕ ਨਿਵਾਸ ਲੈ ਗਏ ਜਦੋਂ ਉਹ ਬਾਅਦ ਦੁਪਹਿਰ ਦੋ ਕੁ ਵਜੇ ਹਰਿਮੰਦਰ ਸਾਹਿਬ ਗਏ ਸਨ।

ਇਥੇ ਪੁਜ ਰਹੀਆਂ ਸਰਕਾਰੀ ਰੀਪੋਰਟਾਂ ਅਨੁਸਾਰ ਸ੍ਰੀ ਹਰਦੀਪ ਸਿੰਘ ਨੂੰ ਹਰਿਮੰਦਰ ਸਾਹਿਬ ਦੇ ਬਾਹਰੋਂ ਅਗਵਾ ਕੀਤਾ ਗਿਆ। ਸ੍ਰੀ ਹਰਦੀਪ ਸਿੰਘ ਦਾ ਜੇਲ੍ਹ ਵਿਚ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਆਗੂ ਅਤੇ ਸੰਤ ਭਿੰਡਰਾਂ ਵਾਲੇ ਦੇ ਕਰੀਬੀ ਸਾਥੀ ਅਮਰੀਕ ਸਿੰਘ ਨਾਲ ਝਗੜਾ ਹੋਇਆ ਸੀ ਜਦੋਂ ਉਸ ਨੂੰ ਨਜ਼ਰਬੰਦ ਕੀਤਾ ਗਿਆ ਸੀ।

ਪੁਲਸ ਸੂਤਰਾਂ ਮੁਤਾਬਕ ਹਰਿਮੰਦਰ ਸਾਹਿਬ ਦੇ ਬਾਹਰ ਹਰਦੀਪ ਸਿੰਘ ਦੇ ਸਕੂਟਰ ਦੀ ਵੀ ਭੰਨ ਤੋੜ ਕੀਤੀ ਗਈ। ਬਾਅਦ ਵਿਚ ਕੁਝ ਬੰਦਿਆਂ ਨੇ ਵਿਚ ਪੈ ਕੇ ਹਰਦੀਪ ਸਿੰਘ ਨੂੰ ਕੰਪਲੈਕਸ ਚੋਂ ਬਾਹਰ ਲਿਆਂਦਾ।

ਦਸਿਆ ਜਾਂਦਾ ਹੈ ਕਿ ਹਾਵੜਾ ਮੇਲ ਦੇ ਜਿਸ ਡੱਬੇ ਵਿਚ ਫਾਇਰਿੰਗ ਹੋਈ, ਉਥੇ ਬੈਠੇ ਮੁਸਾਫਰਾਂ ਨੇ ਦਸਿਆ ਕਿ ਅਤਿਵਾਦੀ, ਜਿਨ੍ਹਾਂ ਦੀ ਗਿਣਤੀ ਤਿੰਨ ਸੀ, ਡੱਬੇ ਵਿਚ ਅਚਾਨਕ ਦਾਖਲ ਹੋਏ ਅਤੇ ਇਕ ਦਮ ਗੋਲੀਆਂ ਚਲਾਉਣ ਲਗ ਪਏ। ਤਿੰਨਾਂ ਦੇ ਕੋਲ ਰਿਵਾਲਵਰ ਸਨ ਅਤੇ ਉਨ੍ਹਾਂ ਨੇ ਕ੍ਰਿਪਾਨਾਂ ਪਾਈਆਂ ਹੋਈਆਂ ਸਨ। ਮਾਨਾਂਵਾਲਾ ਰੇਲਵੇ ਸਟੇਸ਼ਨ ਤੇ ਗੱਡੀ ਦੀ ਰਫਤਾਰ ਥੋੜ੍ਹੀ ਸੀ ਅਤੇ ਉਹ ਗੱਡੀ ਵਿਚੋਂ ਉਤਰ ਗਏ। ਰੇਲ ਦੇ ਡੱਬੇ ਵਿਚ ਥਾਂ ਥਾਂ ਖੂਨ ਲਗਾ ਹੋਇਆ ਸੀ। ਰੇਲਵੇ ਪੁਲਸ ਅੰਮ੍ਰਿਤਸਰ ਨੇ ਕਤਲ ਦਾ ਕੇਸ ਦਰਜ ਕਰ ਲਿਆ ਹੈ। ਕਈ ਸੁਵਾਰੀਆਂ ਦੀ ਨਕਦੀ ਅਤੇ ਘੜੀਆਂ ਵੀ ਗੁੰਮ ਹਨ।

ਪਤਾ ਲਗਾ ਹੈ ਕਿ ਜਿਨ੍ਹਾਂ ਅਤਿਵਾਦੀਆਂ ਨੇ ਰੇਲ ਗੱਡੀ ਵਿਚ ਗੋਲੀ ਚਲਾ ਕੇ ਦੋ ਵਿਅਕਤੀਆਂ ਨੂੰ ਹਲਾਕ ਕੀਤਾ, ਉਹ ਜਲੰਧਰ ਸ਼ਹਿਰ ਦੇ ਰੇਲਵੇ ਸਟੇਸ਼ਨ ਤੋਂ ਗੱਡੀ ਵਿਚ ਸਵਾਰ ਹੋਏ ਸਨ। ਇਕ ਜ਼ਖਮੀ ਵਿਅਕਤੀ ਅਸ਼ੋਕ ਕੁਮਾਰ ਅਨੁਸਾਰ ਗੱਡੀ ਦੇ ਮਾਨਾਂਵਾਲਾ ਰੇਲਵੇ ਸਟੇਸ਼ਨ ਟੱਪਦੇ ਹੀ ਅਤਿਵਾਦੀਆਂ ਨੇ ਫਾਇਰਿੰਗ ਕਰਨੀ ਸ਼ੁਰੂ ਕਰ ਦਿਤੀ। 10 ਮਿੰਟ ਤਕ ਗੋਲੀਆਂ ਚਲਾਉਣ ਤੋਂ ਬਾਅਦ ਉਹ ਸ਼ਰੀਫਪੁਰਾ ਰੇਲਵੇ ਕਰਾਸਿੰਗ ਨੇੜੇ ਗੱਡੀ ਦੇ ਹੌਲੀ ਹੋਣ ਤੇ ਉਤਰ ਕੇ ਫਰਾਰ ਹੋ ਗਏ। ਅਤਿਵਾਦੀ ਜਿਨ੍ਹਾਂ ਦੀ ਉਮਰ 20-22 ਸਾਲ ਦੀ ਹੀ ਲਗਦੀ ਸੀ, ਨੇ ਕਮੀਜ਼ ਪਜਾਮਾ ਪਾਇਆ ਹੋਇਆ ਸੀ।

ਦਸਿਆ ਜਾਂਦਾ ਕਿ ਹਾਵੜਾ ਮੇਲ ਦਾ 8075 ਨੰਬਰ ਡੱਬਾ, ਜਿਸ ਵਿਚ ਕਤਲੇਆਮ ਹੋਇਆ, ਜਿਸ ਵਕਤ ਅੰਮ੍ਰਿਤਸਰ ਰੇਲਵੇ ਸਟੇਸ਼ਨ ਤੇ ਪੁਜਾ ਤਾਂ ਉਸ ਅੰਦਰ ਖੂਨ ਦੇ ਛੱਪੜ ਲੱਗੇ ਹੋਏ ਸਨ। ਰੇਲਵੇ ਸਟੇਸ਼ਨ ਤੇ ਪੁਜਦਿਆਂ ਹੀ ਪੁਲਸ ਨੇ ਇਸ ਡੱਬੇ ਨੂੰ ਘੇਰਾ ਪਾ ਲਿਆ ਅਤੇ ਇਸ ਨੂੰ ਬਾਕੀ ਗੱਡੀ ਨਾਲੋਂ ਵੱਖਰਾ ਕਰ ਦਿਤਾ ਗਿਆ। ਡੱਬੇ ਵਿਚ ਉਕਤ ਦੋਹਾਂ ਵਿਅਕਤੀਆਂ ਦੀਆਂ ਲਾਸ਼ਾਂ ਵੀ ਖੂਨ ਦੇ ਛੱਪੜ ਵਿਚ ਪਈਆਂ ਸਨ। ਇਸ ਤੋਂ ਇਲਾਵਾ ਅਨੇਕਾਂ ਉਨ੍ਹਾਂ ਲੋਕਾਂ ਦੀਆਂ ਚੱਪਲਾਂ ਤੇ ਜੁੱਤੀਆਂ ਏਧਰ ਉਧਰ ਖਿਲਰੀਆਂ ਪਈਆਂ ਸਨ। ਜਿਨ੍ਹਾਂ ਨੇ ਗੋਲੀ ਕਾਂਡ ਕਾਰਨ ਡਰਦੇ ਮਾਰੇ ਡੱਬੇ ਵਿਚੋਂ ਬਾਹਰ ਛਾਲਾਂ ਮਾਰ ਦਿਤੀਆਂ ਸਨ।

ਫੱਤੂ ਢੀਂਗਾ 'ਚ ਭੜਕਾਊ ਫਾਇਰਿੰਗ

ਜਲੰਧਰ—ਚਾਰ ਹਥਿਆਰਬੰਦ ਨੌਜਵਾਨਾਂ, ਜਿਹੜੇ ਸਿੱਖ ਅਤਿਵਾਦੀ ਸਮਝੇ ਜਾਂਦੇ ਹਨ, ਨੇ ਕਪੂਰਥਲਾ ਤੋਂ 16 ਕਿਲੋਮੀਟਰ ਦੂਰ ਫੱਤੂ-ਢੀਂਗਾ ਵਿਚ ਇਕ ਰਾਈਸ-ਸ਼ੈਲਰ 'ਚ ਜਗਰਾਤੇ ਲਈ ਜੁੜੇ ਲੋਕਾਂ ਉਤੇ ਬਿਨਾਂ ਕਿਸੇ ਭੜਕਾਹਟ ਦੇ ਗੋਲੀਆਂ ਚਲਾਈਆਂ। ਸ਼ੈਲਰ ਦੇ ਮਾਲਕ ਕੁੰਦਨ ਲਾਲ ਸਰਪੰਚ ਤੇ ਉਸਦੇ ਸਾਥੀਆਂ ਨੇ ਮੁਕਾਬਲੇ ਵਿਚ ਗੋਲੀਆਂ ਚਲਾਈਆਂ ਕੋਈ ਵਿਅਕਤੀ ਜ਼ਖਮੀ ਨਹੀਂ ਹੋਇਆ।

ਯਾਦ ਰਹੇ ਜੁਲਾਈ ਵਿਚ ਫੱਤੂ-ਢੀਂਗਾ ਵਿਚ ਅਤਿਵਾਦੀਆਂ ਨੇ ਪੰਜਾਬ ਹਥਿਆਰਬੰਦ ਪੁਲਸ ਦੇ ਚਾਰ ਜਵਾਨ ਕਤਲ ਕਰ ਦਿਤੇ ਸਨ।

ਅੱਧੀ ਰਾਤ ਗੋਲੀ ਉਸ ਸਮੇਂ ਚਲੀ ਜਦੋਂ ਲਗਭਗ 300 ਲੋਕ ਸ਼ੈਲਰ ਦੇ ਅਹਾਤੇ ਵਿਚ ਜਗਰਾਤੇ ਦੇ ਸੰਬੰਧ ਵਿਚ ਇਕੱਠੇ ਹੋਏ ਸੀ। ਅੱਖੀਂ ਦੇਖਣ ਵਾਲਿਆਂ ਦਾ ਕਹਿਣਾ ਹੈ ਕਿ ਚਿੱਟੀਆਂ ਪੱਗਾਂ ਵਾਲੇ ਦੋ ਸਿਖ ਨੌਜਵਾਨਾਂ ਨੇ ਬਿਨਾਂ ਕਿਸੇ ਭੜਕਾਹਟ ਦੇ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਪੁਲਸ ਦਾ ਕਹਿਣਾ ਹੈ ਕਿ ਉਹ ਮਹਿਮਾਵਾਲ ਵਲ ਦੌੜੇ। ਉਹਨਾਂ ਦੌੜੇ ਜਾਂਦਿਆਂ ਵੀ ਗੋਲੀਆਂ ਚਲਾਈਆਂ। ਪੁਲਸ ਨੇ ਧਾਰਾ 326 ਤੇ 34 ਤਹਿਤ ਕੇਸ ਦਰਜ ਕੀਤਾ ਹੈ।

ਚੰਡੀਗੜ੍ਹ—ਅੰਮ੍ਰਿਤਸਰ ਤੇ ਲੁਧਿਆਣਾ ਜ਼ਿਲਿਆਂ ਵਿਚੋਂ ਫਾਇਰਿੰਗ ਦੀਆਂ ਦੋ ਘਟਨਾਵਾਂ ਵਿਚ ਦੋ ਵਿਅਕਤੀਆਂ ਦੇ ਜ਼ਖਮੀ ਹੋਣ ਦੀਆਂ ਰੀਪੋਰਟਾਂ ਮਿਲੀਆਂ ਹਨ। ਸਰਕਾਰੀ ਰੀਪੋਰਟਾਂ ਮੁਤਾਬਕ ਜਗਰਾਓਂ ਵਿਚ ਦੋ ਵਿਅਕਤੀਆਂ ਨੇ ਇਕ ਵਪਾਰੀ ਜ਼ਖਮੀ ਕਰ ਦਿਤਾ। ਵਪਾਰੀ ਦੇ ਹੱਥ ਉਤੇ ਗੋਲੀਆਂ ਦੇ ਜ਼ਖਮ ਆਏ। ਹਮਲਾਵਰ ਉਸਦਾ ਸਕੂਟਰ, ਕੁਝ ਸੋਨੇ ਦੀਆਂ ਅੰਗੂਠੀਆਂ ਅਤੇ ਕੁਝ ਰਕਮ ਲੈ ਗਏ।

ਲੁਧਿਆਣਾ ਤੋਂ ਸਾਡੇ ਪੱਤਰਪ੍ਰੇਰਕ ਮੁਤਾਬਕ ਹਮਲਾਵਰ ਲੁਟੇਰੇ ਮੋਟਰ ਸਾਈਕਲ ਸਵਾਰ ਸਨ। ਦੋ ਲੁਟੇਰੇ ਜਵਾਰ ਮੰਡੀ ਵਿਚ ਵਾਪਰੀ ਯਸ਼ਪਾਲ ਦੀ ਦੁਕਾਨ ਦੇ ਅੰਦਰ ਗਏ ਜਦ ਕਿ ਇਕ ਬਾਹਰ ਖੜਾ ਰਿਹਾ। ਜਾਂਦੇ ਹੋਏ ਉਹਨਾਂ ਗੋਲੀਆਂ ਚਲਾਈਆਂ। ਡੀ. ਸੀ. ਨੇ ਕਿਹਾ ਹੈ ਕਿ ਇਹ ਘਟਨਾ ਕਰਨ ਵਾਲੇ ਅਤਵਾਦੀ ਨਹੀਂ ਲਗਦੇ।

ਅੰਮ੍ਰਿਤਸਰ ਦੇ ਵਲਟੋਹਾ ਕਸਬੇ ਵਿਚ ਇਕ ਵਿਅਕਤੀ ਦੇ ਪਿਛਿਓਂ ਗੋਲੀ ਮਾਰੀ ਗਈ। ਉਸਨੂੰ ਹਸਪਤਾਲ ਦਾਖਲ ਕਰਾਇਆ ਗਿਆ ਹੈ।

ਕੇਂਦਰੀ ਪੰਜਾਬੀ ਲੇਖਕ ਸਭਾ ਵਲੋਂ ਕਤਲਾਂ ਦੀ ਸਖਤ ਨਿੰਦਾ

ਲੇਖਕ ਆਪਣੀ ਜ਼ਿੰਮੇਵਾਰੀ ਦਾ ਅਹਿਸਾਸ ਕਰਨ

ਜਲੰਧਰ—ਕੇਂਦਰੀ ਪੰਜਾਬੀ ਲੇਖਕ ਸਭਾ ਨੇ ਫਿਰਕਾ ਦਾਰਾਨਾ ਆਧਾਰ ਉਤੇ ਛੇ ਨਿਰਦੋਸ਼ ਬੱਸ ਮੁਸਾਫਰ ਦੇ ਵਹਿਸ਼ੀਆਨਾ ਕਤਲ ਦੀ ਸਖਤ ਨਿਖੇਧੀ ਕੀਤੀ ਹੈ। ਇਕ ਸਾਂਝੇ ਬਿਆਨ ਵਿਚ ਸਭਾ ਦੇ ਪ੍ਰਧਾਨ ਸੰਤ ਸਿੰਘ ਸੇਖੋਂ ਅਤੇ ਜਨਰਲ ਸਕੱਤਰ ਸ੍ਰੀ ਤੇਰਾ ਸਿੰਘ ਚੰਨ ਨੇ ਕਿਹਾ ਹੈ ਕਿ ਇਹ ਦੁਖਦਾਈ ਘਟਨਾ ਉਸ ਤਣਾਉ ਭਰਪੂਰ ਵਾਤਾਵਰਣ ਦਾ ਸਿਖਰ ਹੈ ਜੋ ਪਿਛਲੇ ਮਹੀਨਿਆਂ ਵਿਚ ਕੁਝ ਕੁ ਅਤਿਵਾਦੀਆਂ ਦੀਆਂ ਸਰਗਰਮੀਆਂ ਦੇ ਸਿੱਟੇ ਵਜੋਂ ਉਭਰਦਾ ਰਿਹਾ ਹੈ। ਪੰਜਾਬ ਦੇ ਸਭ ਲੋਕ ਇਸ ਦੁਖਾਂਤਕ ਘਟਨਾ ਉਤੇ ਬਹੁਤ ਦੁਖੀ ਅਤੇ ਸ਼ਰਮਿੰਦਾ ਹਨ।

ਪੰਜਾਬੀ ਲੇਖਕਾਂ ਦੀ ਪ੍ਰਤੀਨਿਧ ਸੰਸਥਾ ਦੇ ਦੋਨਾਂ ਮੁਖੀ ਅਹੁਦੇਦਾਰਾਂ ਨੇ ਆਖਿਆ ਹੈ ਕਿ ਅਜਿਹੇ ਦੁਖਾਂਤ ਵਾਪਰਨ ਤੋਂ ਰੋਕਣ ਲਈ ਅਤੇ ਪੰਜਾਬ ਦੇ ਸਮੂਹ ਲੋਕਾਂ ਵਿਚ ਪਰਸਪਰ ਪਿਆਰ ਤੇ ਸਾਂਝ ਦਾ ਅਹਿਸਾਸ ਕਰਾਉਣ ਲਈ ਪੰਜਾਬ ਦੇ ਬੁੱਧੀਜੀਵੀਆਂ, ਲੇਖਕਾਂ ਅਤੇ ਕਲਾਕਾਰਾਂ ਦੇ ਸਿਰ ਵੱਡੀ ਜ਼ਿੰਮੇਵਾਰੀ ਹੈ। ਉਹਨਾਂ
ਬਣਨਾ ਚਾਹੀਦਾ ਹੈ ਅਤੇ ਆਪਣੀਆਂ ਲਿਖਤਾਂ ਤੋਂ ਬਿਨਾਂ ਸੰਗਠਿਤ ਰੂਪ ਵਿਚ ਵੀ ਸੌੜੀ ਸੰਕੀਰਣ ਸੋਚ ਦੇ ਵਿਰੁਧ ਲੋਕਾਂ ਨੂੰ ਚੇਤੰਨ ਕਰਨਾ ਚਾਹੀਦਾ ਹੈ।

ਪ੍ਰਿੰ: ਸੰਤ ਸਿੰਘ ਸੇਖੋਂ ਅਤੇ ਸ੍ਰੀ ਤੇਰਾ ਸਿੰਘ ਚੰਨ ਨੇ ਕੇਂਦਰੀ ਸਭਾ ਨਾਲ ਸੰਬੰਧਿਤ ਸਭ ਸਥਾਨਕ ਲੇਖਕ ਭਰਾਵਾਂ, ਹੋਰ ਸਾਹਿਤਕ ਜਥੇਬੰਦੀਆਂ, ਪ੍ਰਤੀਸ਼ਠਿਤ ਲੇਖਕਾਂ ਤੇ ਬੁਧੀਜੀਵੀਆਂ ਨੂੰ ਸੱਦਾ ਦਿਤਾ ਹੈ ਕਿ ਉਹ ਆਪੋ ਆਪਣੇ ਖੇਤਰ ਵਿਚ ਧਰਮ, ਜ਼ਾਤਪਾਤ ਤੇ ਇਲਾਕੇ ਦੇ ਭੇਦਾਂ ਤੋਂ ਬਿਨਾਂ ਮਾਨਵੀ ਕਦਰਾਂ ਕੀਮਤਾਂ ਦਾ ਸੰਚਾਰ ਕਰਨ ਲਈ ਵਧੇਰੇ ਸਰਗਰਮੀ ਵਿਖਾਉਣ। ਇਸ ਪ੍ਰਸੰਗ ਵਿਚ ਸਭਾ ਆਪਣੇ ਯਤਨ ਵੀ ਤੇਜ਼ ਕਰੇਗੀ। ਸਭਾ ਵਲੋਂ ਚੰਡੀਗੜ੍ਹ ਵਿਚ ਅਗਲੇ ਮਹੀਨੇ ਦੇ ਤੀਜੇ ਹਫਤੇ ਕਰਵਾਈ ਜਾ ਰਹੀ ਦਸਵੀਂ ਸਰਬ ਹਿੰਦ ਪੰਜਾਬੀ ਲੇਖਕ ਕਾਨਫਰੰਸ ਉਤੇ ਆਪਣੇ ਸਾਂਝੇ ਸਭਿਆਚਾਰ ਦੀ ਪਛਾਣ ਕਰਨ ਦੇ ਨਾਲ ਨਾਲ ਧਰਮ ਨਿਰਪੇਖਤਾ ਤੇ ਰਾਸ਼ਟਰੀ ਏਕਤਾ ਦੇ ਭਾਵਾਂ ਨੂੰ ਮਜ਼ਬੂਤ ਕਰਨ ਉਤੇ ਜ਼ੋਰ ਦਿਤਾ ਜਾਵੇਗਾ।

ਮਲੋਟ 'ਚ ਠੱਗਾਂ ਦਾ ਗਰੋਹ ਸਰਗਰਮ — ਕਈ ਥਾਂ ਲੁਟਾਂ

ਮਲੋਟ — ਇਲਾਕੇ ਵਿਚ ਨੋਟ ਦੂਗਣੇ ਕਰਨ ਵਾਲਾ ਠੱਗਾਂ ਦਾ ਗਰੋਹ ਕਾਫੀ ਸਰਗਰਮ ਹੋਣ ਕਰਕੇ ਲੋਕਾਂ ਨੂੰ ਕਾਫੀ ਲੁਟਿਆ ਜਾ ਰਿਹਾ ਹੈ। ਬਖਸ਼ੀਸ਼ ਸਿੰਘ ਵਲਦ ਬਹਾਲ ਸਿੰਘ ਪਿੰਡ ਕੱਖਾਂਵਾਲੀ ਵੀ ਨੋਟ ਦੂਗਣੇ ਕਰਾਉਂਦਾ ਕਰਾਉਂਦਾ 1800 ਰੁਪਏ ਲੁਟਾ ਬੈਠਾ ਜੋ ਉਸਨੇ ਘਰ ਵਾਲੀ ਦੇ ਗਹਿਣੇ ਵੇਚ ਕੇ ਲਏ ਸਨ।

ਜੰਮੂ ਵਿਚ ਭਾਰਤ ਵਿਰੋਧੀ ਵਿਖਾਵਾ

ਜੰਮੂ ਵਿਖੇ ਵੈਸਟ ਇੰਡੀਜ਼ ਅਤੇ ਭਾਰਤ ਵਿਚਕਾਰ ਕ੍ਰਿਕਟ ਦੇ ਇਕ ਮੈਚ ਸਮੇਂ ਭਾਰਤ ਵਿਰੋਧੀ ਵਿਖਾਵਾਕਾਰੀਆਂ ਤੇ ਪੁਲਸ ਨੇ ਅਥਰੂ ਗੈਸ ਛੱਡੀ ਅਤੇ ਲਾਠੀ ਚਾਰਜ ਕੀਤਾ ਅਤੇ ਬੁਹਤ ਸਾਰੀਆਂ ਗ੍ਰਿਫਤਾਰੀਆਂ ਵੀ ਕੀਤੀਆਂ ਗਈਆਂ।

ਬਲੋਚਿਸਤਾਨ ਅੱਡ ਤੇ ਆਜ਼ਾਦ ਹੋ ਕੇ ਰਹੇਗਾ— ਮੈਂਗਲ

ਲੰਦਨ—ਬਲੋਚਿਸਤਾਨ ਦੇ ਸਾਬਕ ਮੁੱਖ ਮੰਤਰੀ ਮਿ: ਅਤਾਉਲਾ ਖਾਨ ਮੈਂਗਲ ਨੇ ਕਿਹਾ ਹੈ ਕਿ ਪਾਕਿਸਤਾਨ ਦਾ ਟੋਟੇ ਹੋਣਾ ਤੇ ਆਜ਼ਾਦ ਬਲੋਚਿਸਤਾਨ ਦਾ ਉਭਰਨਾ ਲਾਜ਼ਮੀ ਹੈ। ਮਿ: ਮੈਂਗਲ ਜਿਹੜੇ ਏਥੇ 1979 ਤੋਂ ਜਲਾਵਤਨੀ ਦੀ ਜ਼ਿੰਦਗੀ ਗੁਜ਼ਾਰ ਰਹੇ ਹਨ, ਨੇ ਇਕ ਮੁਲਾਕਾਤ ਵਿਚ ਕਿਹਾ, "ਮੈਂ ਵਾਪਸ ਬਲੋਚਿਸਤਾਨ ਪਰਤਾਂਗਾ। ਪਰ ਉਹ ਆਜ਼ਾਦ ਬਲੋਚਿਸਤਾਨ ਹੋਵੇਗਾ, ਪੰਜਾਬੀਆਂ ਦੇ ਰਾਜ ਤੋਂ ਮੁਕਤ।"

ਉਹਨਾਂ ਦਾ ਕਹਿਣਾ ਸੀ ਕਿ ਇਹ ਪੰਜਾਬੀਆਂ ਦਾ ਰਾਜ ਹੀ ਹੈ ਜਿਸਨੇ ਪਾਕਿਸਤਾਨ ਨੂੰ ਖੇਰੂੰ ਖੇਰੂੰ ਹੋਣ ਦੇ ਕੰਢੇ ਪਹੁੰਚਾ ਦਿਤਾ ਹੈ।"

ਬਲੋਚਿਸਤਾਨ ਦੇ ਪਾਕਿਸਤਾਨ ਦਾ ਹਿਸਾ ਬਣੇ ਰਹਿਣ ਦੀ ਸੰਭਾਵਨਾ ਨੂੰ ਰੱਦ ਕਰਦਿਆਂ ਮਿ: ਮੈਂਗਲ ਨੇ ਕਿਹਾ, "ਅਸੀਂ ਕਾਫੀ ਦੁੱਖ ਝੱਲ ਚੁਕੇ ਹਾਂ। ਬਲੋਚਿਸਤਾਨ ਦੇ ਲੋਕ ਹੁਣ ਪਾਕਿਸਤਾਨ ਵਿਚ ਨਹੀਂ ਰਹਿਣਾ ਚਾਹੁੰਦੇ। ਉਹ ਕਈ ਦਹਾਕੇ ਪਾਕਿਸਤਾਨੀ ਰਾਜ ਵਿਚ ਮੁਸੀਬਤਾਂ ਵਿਚੋਂ ਲੰਘਣ ਪਿਛੋਂ ਹੁਣ ਅੱਡਾ ਰਾਜ ਚਾਹੁੰਦੇ ਹਨ।"

ਮਿ: ਮੈਂਗਲ ਨੇ ਕਿਹਾ ਕਿ "ਸਾਨੂੰ ਪਾਕਿਸਤਾਨੀ ਫੌਜੀ ਨਾਲ ਬਰਾਬਰ ਦੀ ਟੱਕਰ ਲੈਣ ਲਈ ਬਾਹਰੋਂ ਸਹਾਇਤਾ ਹਾਸਲ ਕਰਨੀ ਪਏਗੀ। ਤੇ ਇਹ ਸਹਾਇਤਾ ਅਸੀਂ ਹਾਸਲ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ।"

ਉਹਨਾਂ ਕਿਹਾ ਕਿ ਸੂਬਾ ਸਿੰਧ ਦੇ ਵੀ ਪਾਕਿਸਤਾਨ ਨਾਲੋਂ ਅੱਡ ਹੋ ਜਾਣ ਦੀ ਨਿਖੜਵੀਂ ਸੰਭਾਵਨਾ ਹੈ। ਉਥੇ ਮੁਕਤੀ ਯੁੱਧ ਛਿੜ ਚੁਕਾ ਹੈ। ਇਸ ਵੇਲੇ ਸਿੰਧ ਦੀ 55 ਫੀ ਸਦੀ ਵਸੋਂ ਪਾਕਿਸਤਾਨ ਤੋਂ ਛੁਟਕਾਰਾ ਚਾਹੁੰਦੀ ਹੈ। ਬਾਕੀ 45 ਫੀ ਸਦੀ ਵਸੋਂ ਅਜੇ ਕੇਵਲ ਜਮਹੂਰੀਅਤ ਦੀ ਬਹਾਲੀ ਤਕ ਹੀ ਜਾਂਦੀ ਹੈ। ਪਰ ਅਗਲੇ ਕੁਝ ਹਫਤੇ ਬਹੁਤ ਨਾਜ਼ਕ ਹਨ। ਜੇ ਪੰਜਾਬੀ ਫੌਜੀ ਹਕੂਮਤ ਦੇ ਖਿਲਾਫ ਚਲ ਰਹੇ ਸੰਘਰਸ਼ ਤੇ ਬੇਨਿਆਦ ਰਹੇ ਤਾਂ ਸਿੰਧ ਦੀ ਅਲਹਿਦਗੀ ਅਟੱਲ ਹੈ।"

ਅਸੀਂ ਕਾਫੀ ਮੁਸੀਬਤਾਂ ਬਰਦਾਸ਼ਤ ਕਰ ਚੁਕੇ ਹਾਂ। ਹੁਣ ਅਸੀਂ ਪੰਜਾਬੀ ਗਲਬੇ ਤੋਂ ਛੁਟਕਾਰਾ ਚਾਹੁੰਦੇ ਹਾਂ ਤੇ ਆਜ਼ਾਦ ਜ਼ਿੰਦਗੀ ਜਿਉਣ ਦੇ ਇੱਛਕ ਹਾਂ। ਉਹਨਾਂ ਕਿਹਾ ਕਿ ਪੰਜਾਬੀਆਂ ਨੂੰ ਕੋਈ ਮੁਅਸਰ ਅਗਵਾਈ ਪ੍ਰਾਪਤ ਨਹੀਂ। ਇਹੀ ਕਾਰਨ ਹੈ ਕਿ ਉਹ ਜ਼ਿਆ ਹਕੂਮਤ ਦੇ ਖਿਲਾਫ ਸੰਘਰਸ਼ ਵਿਚ ਸ਼ਾਮਲ ਨਹੀਂ ਹੋਏ। ਪੰਜਾਬ ਦੀ ਲੀਡਰਸ਼ਿਪ ਨਿਰੋਲ ਸਿਵਲ ਤੇ ਫੌਜੀ ਨੌਕਰਸ਼ਾਹਾਂ ਉਤੇ ਮਸਤਮਿਲ ਹੈ, ਜਿਹੜੇ ਸਾਰੇ ਦੇ ਸਾਰੇ ਅਮਰੀਕਾ ਦੇ ਪਿਛਲੱਗ ਹਨ।"

ਮੰਡੇਲਾ ਪ੍ਰਧਾਨ

ਦਖਣੀ ਅਫਰੀਕਾ ਵਿਚ ਜੇਲ੍ਹ ਬੰਦ ਕੌਮਪ੍ਰਸਤ ਆਗੂ ਨੈਲਸਨ ਮੰਡੇਲਾ ਨੂੰ ਯੂ. ਐਨ. ਐਸੋਸੀਏਸ਼ਨਾਂ ਦੀ ਸੰਸਾਰ ਫੈਡਰੇਸ਼ਨ ਦਾ ਆਨਰੇਰੀ ਪ੍ਰਧਾਨ ਚੁਣਿਆ ਗਿਆ ਹੈ।

ਐ ਸ਼ਹਰੇ ਬੇਚਿਰਾਗ ਤੇਰੀ ਉਮਰ ਹੋ ਦਰਾਜ਼,
ਤਾਰੀਕੀਉਂ ਮੇਂ ਤੇਰੀ ਚਮਕ ਛੋੜ ਜਾਊਂਗਾ।

ਸ੍ਰੀ ਨਗਰ ਮੀਟਿੰਗ ਦੇ ਸੁਝਾਅ ਸੰਵਿਧਾਨ ਦੀਆਂ 356 ਤੇ 57 ਧਾਰਾਵਾਂ ਸੋਧੀਆਂ ਜਾਣ

ਸ੍ਰੀਨਗਰ—ਵਿਰੋਧੀ ਪਾਰਟੀਆਂ ਦੀ ਮੀਟਿੰਗ ਨੇ ਸੰਵਿਧਾਨ ਦੀ ਧਾਰਾ 356 ਅਤੇ 657 'ਚ 'ਢੁਕਵੀਆਂ ਸੋਧਾਂ' ਕਰਨ ਦੀ ਮੰਗ ਕੀਤੀ ਹੈ ਤਾਂ ਕਿ ਰਾਸ਼ਟਰਪਤੀ ਨੂੰ ਸੂਬਾਈ ਸਰਕਾਰਾਂ ਨੂੰ ਬਰਖਾਸਤ ਕਰਨ ਜਾਂ ਵਿਧਾਨ ਸਭਾਵਾਂ ਨੂੰ ਭੰਗ ਕਰਨ ਦਾ ਕੋਈ ਅਧਿਕਾਰ ਨਾ ਰਹੇ।

ਵਿਰੋਧੀ ਪਾਰਟੀਆਂ ਦੀ ਇਹ ਤਿੰਨ ਦਿਨਾਂ ਮੀਟਿੰਗ ਇਥੇ ਸਮਾਪਤ ਹੋਈ ਜਿਸ ਵਿਚ ਸਾਰੀਆਂ ਵਿਰੋਧੀ ਪਾਰਟੀਆਂ ਦੇ ਵਡੇ ਆਗੂ ਸ਼ਾਮਲ ਹੋਏ ਸਿਵਾਏ ਭਾਜਪਾ ਅਤੇ ਲੋਕ ਦਲ ਦੇ। ਇਸ ਮੀਟਿੰਗ ਵਿਚ ਪੰਜਾਂ ਹੀ ਗੈਰ-ਇਕਾ ਸੂਬਾਈ ਸਰਕਾਰਾਂ ਦੇ ਮੁਖ ਮੰਤਰੀ ਵੀ ਪਹੁੰਚੇ। ਮੀਟਿੰਗ ਵਲੋਂ ਕੀਤੀਆਂ ਗਈਆਂ ਹੋਰ ਸਿਫਾਰਸ਼ਾਂ ਵਿਚ ਪਲਾਨਿੰਗ ਕਮਿਸ਼ਨ ਅਤੇ ਕੌਮੀ ਵਿਕਾਸ਼ ਕੌਂਸਲ ਨੂੰ ਮੁੜ ਗਠਤ ਕਰਨਾ ਅਤੇ ਇਹਨਾਂ ਵਿਚ ਸੂਬਿਆਂ ਦੇ ਪ੍ਰਤੀਨਿਧਾਂ ਨੂੰ ਵਾਜਬ ਨੁਮਾਇੰਦਗੀ ਦੇਣਾ ਸ਼ਾਮਲ ਹੈ।

ਸੁਪਰੀਮ ਕੋਰਟ ਦੇ ਜੱਜਾਂ ਉਤੇ ਅਧਾਰਿਤ ਕੌਂਸਲ ਦੀ ਸਿਫਾਰਸ਼ ਅਨੁਸਾਰ ਤਿੰਨ ਮੈਂਬਰੀ ਚੋਣ ਕਮਿਸ਼ਨ ਦੀ ਕਾਇਮੀ, ਧਾਰਾ 226 ਅਧੀਨ ਪ੍ਰਧਾਨ ਮੰਤਰੀ ਅਤੇ ਮੁਖ ਮੰਤਰੀਆਂ ਉਤੇ ਅਧਾਰਤ ਅੰਤਰਰਾਜੀ ਕੌਂਸਲ ਦੀ ਕਾਇਮੀ ਜਿਹੜੀ ਕੇਂਦਰ ਅਤੇ ਰਾਜਾਂ ਵਿਚ ਉਠਣ ਵਾਲੇ ਸਾਰੇ ਝਗੜਿਆਂ ਅਤੇ ਕੌਮੀ ਮਹਤਤਾ ਵਾਲੇ ਮਾਮਲਿਆਂ ਦਾ ਨਿਪਟਾਰਾ ਕਰੇ, ਦੇ ਸੁਝਾਅ ਵੀ ਇਸ ਮੀਟਿੰਗ ਵਿਚ ਦਿਤੇ ਗਏ ਹਨ। ਨੌ ਸਫਿਆਂ ਦਾ ਬਿਆਨ ਖਚਾਖਚ ਭਰੀ ਪਰੈਸ ਕਾਨਫਰੰਸ ਵਿਚ ਜੰਮੂ ਕਸ਼ਮੀਰ ਦੇ ਮੁਖ ਮੰਤਰੀ ਡਾਕਟਰ ਫਾਰੂਕ ਅਬਦੁੱਲਾ ਨੇ ਪੇਸ਼ ਕੀਤਾ। ਇਸ ਮੀਟਿੰਗ ਵਲੋਂ ਜਿਹੜੀਆਂ ਵਿਤੀ ਅਤੇ ਆਰਥਿਕ ਸਿਫਾਰਸ਼ਾਂ ਕੀਤੀਆਂ ਗਈਆਂ ਹਨ ਉਹਨਾਂ ਵਿਚ ਕਾਰਪੋਰੇਸ਼ਨ ਟੈਕਸਾਂ ਅਤੇ ਇਨਕਮ ਟੈਕਸ ਸਰਚਾਰਜ ਵਿਚ ਸੂਬਿਆਂ ਦੀ ਹਿਸੇਦਾਰੀ ਦੀ ਵੀ ਮੰਗ ਕੀਤੀ ਗਈ ਹੈ। ਐਕਸਾਈਜ਼ ਉਤੇ ਐਡੀਸ਼ਨਲ ਡਿਊਟੀ ਦੀ ਸਕੀਮ ਖਤਮ ਹੋਣੀ ਚਾਹੀਦੀ ਹੈ। ਇਸ ਬਿਆਨ ਵਿਚ ਕੌਮੀ ਖਰਚ ਕਮਿਸ਼ਨ ਤੇ ਕੌਮੀ ਕਰਜਾ ਕਮਿਸ਼ਨ ਦੀ ਸਥਾਪਨਾ ਕਰਨ ਲਈ ਵੀ ਕਿਹਾ ਗਿਆ ਹੈ।

ਮਾਰਕੋਜ਼ ਦੇ ਦਿਨ ਥੋੜ੍ਹੇ

ਵਾਸ਼ਿੰਗਟਨ—ਅਮਰੀਕਾ ਦੇ ਉਪ ਬਦੇਸ਼ ਮੰਤਰੀ ਕੈਨੇਥ ਡੈਮ ਨੇ ਇਥੇ ਕਿਹਾ ਕਿ ਫਿਲਪਾਈਨ ਸਰਕਾਰ ਵਿਚ ਤਬਦੀਲੀ ਪ੍ਰਤੱਖ ਹੈ ਅਤੇ "ਅਸੀਂ ਆਸ ਕਰਦੇ ਹਾਂ ਕਿ ਤਬਦੀਲੀ ਜਮਹੂਰੀਅਤ ਦੀ ਦਿਸ਼ਾ ਵਿਚ ਹੋਵੇਗੀ।"

ਉਹਨਾਂ ਕਿਹਾ ਕਿ ਪ੍ਰਧਾਨ ਫਰੀਦਨੇਟ ਮਾਰਕੋਜ਼ ਦੀ ਸਰਕਾਰ ਦੇ ਡਿਗਣ ਦੇ ਰੂਬਰੂ ਉਨ੍ਹਾਂ ਸਾਰੇ ਜ਼ਰੂਰੀ 'ਰਖਿਆ ਪ੍ਰਬੰਧ' ਕਰ ਲਏ ਹਨ। ਉਹਨਾਂ ਪ੍ਰਬੰਧਾਂ ਦਾ ਵੇਰਵਾ ਨਹੀਂ ਦਿਤਾ।

ਸ੍ਰੀ ਡੈਮ ਦਾ ਬਿਆਨ ਪ੍ਰਧਾਨ ਰੋਨਾਲਡ ਰੀਗਨ ਵਲੋਂ ਨਵੰਬਰ ਵਿਚ ਕੀਤੀ ਜਾਣ ਵਾਲੀ ਫਿਲਪਾਈਨ ਯਾਤਰਾ ਰੱਦ ਕਰਨ ਉਪਰੰਤ ਆਇਆ ਹੈ

ਅਮਰੀਕਾ ਸੂਤਰਾਂ ਨੇ ਕਈ ਦਿਨਾਂ ਬਾਅਦ ਹੁਣ ਮੰਨਿਆ ਹੈ ਕਿ ਵਿਰੋਧੀ ਆਗੂ ਬੇਨਿਗਨੋ ਐਕੁਈਨੋ ਦੇ ਕਤਲ ਨਾਲ ਉਥੇ ਹੋਈ ਬੇਚੈਨੀ ਕਾਰਨ ਪ੍ਰਧਾਨ ਰੀਗਨ ਨੇ ਦੌਰਾ ਰੱਦ ਕੀਤਾ।

ਸਰਬ ਹਿੰਦ ਪੰਜਾਬੀ ਸਾਹਿਤ ਕਾਨਫਰੰਸ 25 ਤੋਂ 27 ਨਵੰਬਰ ਤਕ ਚੰਡੀਗੜ੍ਹ 'ਚ

ਡਾਕਟਰ ਅਤਰ ਸਿੰਘ ਕਨਵੀਨਰ ਸਥਾਪਤ

ਚੰਡੀਗੜ੍ਹ—ਪੰਜਾਬੀ ਲੇਖਕਾਂ ਦੀ ਪਰਮੁੱਖ ਜਥੇਬੰਦੀ ਕੇਂਦਰੀ ਪੰਜਾਬੀ ਲੇਖਕ ਸਭਾ ਵਲੋਂ 25,26,27 ਨਵੰਬਰ ਨੂੰ ਚੰਡੀਗੜ੍ਹ ਵਿਚ ਕਰਵਾਈ ਜਾ ਰਹੀ ਸਰਬ ਹਿੰਦ ਪੰਜਾਬੀ ਸਾਹਿਤਕ ਕਾਨਫਰੰਸ ਦੀ ਪ੍ਰਬੰਧਕ ਜ਼ਿੰਮੇਵਾਰੀ ਨੂੰ ਮੁੱਖ ਰਖਦਿਆਂ ਚੰਡੀਗੜ੍ਹ ਲੇਖਕ ਸਭਾ ਨੇ ਕਾਨਫਰੰਸ ਦੀਆਂ ਤਿਆਰੀਆਂ ਜ਼ੋਰ ਸ਼ੋਰ ਨਾਲ ਅਰੰਭ ਕਰ ਦਿਤੀਆਂ ਹਨ। ਇਹ ਗਲ ਪੰਜਾਬੀ ਲੇਖਕ ਸਭਾ ਚੰਡੀਗੜ੍ਹ ਦੇ ਜਨਰਲ ਸਕੱਤਰ ਹਰਭਜਨ ਸਿੰਘ ਹਲਵਾਰਵੀ ਨੇ ਦਸੀ ਹੈ। ਇਸ ਸਬੰਧ ਵਿਚ ਚੰਡੀਗੜ੍ਹ ਦੇ ਲੇਖਕਾਂ, ਬੁੱਧੀਜੀਵੀਆਂ ਤੇ ਨਾਗਰਿਕਾਂ ਦੇ ਵਿਸ਼ਾਲ ਹਿੱਸਿਆਂ ਉਤੇ ਆਧਾਰਤ ਇਕ ਸੁਆਗਤੀ ਕਮੇਟੀ ਬਣਾਉਣ ਲਈ ਇਕ ਮੀਟਿੰਗ ਬਇਥੇ ਪੰਜਾਬ ਕਲਾ ਪਰੀਸ਼ਦ ਭਵਨ ਵਿਚ ਹੋਈ ਜਿਸ ਵਿਚ ਪੰਜਾਬ ਯੂਨੀਵਰਸਿਟੀ ਦੇ ਪੰਜਾਬੀ ਅਧਿਐਨ ਸਕੂਲ ਦੇ ਮੁਖੀ ਡਾ: ਅਤਰ ਸਿੰਘ, ਡਾ: ਹਰਚਰਨ ਸਿੰਘ, ਸ: ਪਰੇਮ ਸਿੰਘ ਪਰੇਮ, ਕੇਂਦਰੀ ਸਭਾ ਦੇ ਸਾਬਕ ਜਨਰਲ ਸਕੱਤਰ ਡਾ: ਰਘਬੀਰ ਸਿੰਘ, ਡਾ: ਕੇਸਰ ਸਿੰਘ ਕੇਸਰ, ਕੇਂਦਰੀ ਸਭਾ ਦੇ ਜਨਰਲ ਸਕੱਤਰ ਸ੍ਰੀ ਤੇਰਾ ਸਿੰਘ ਚੰਨ, ਸ੍ਰੀ ਜੋਗਾ ਸਿੰਘ ਅਤੇ ਚੰਡੀਗੜ੍ਹ ਲੇਖਕ ਸਭਾ ਦੇ ਹੋਰ ਮੈਂਬਰਾਂ ਨੇ ਵੱਡੀ ਗਿਣਤੀ ਵਿਚ ਭਾਗ ਲਿਆ। ਮੀਟਿੰਗ ਨੇ ਸਰਬ ਸੰਮਤੀ ਨਾਲ ਸੁਆਗਤੀ ਕਮੇਟੀ ਦੇ ਸੰਗਠਨ ਲਈ ਡਾ: ਅਤਰ ਸਿੰਘ ਨੂੰ ਕਨਵੀਨਰ ਸਥਾਪਤ ਕੀਤਾ। ਨਿਰਣਾ ਲਿਆ ਗਿਆ ਕਿ ਸੁਆਗਤੀ ਕਮੇਟੀ ਲਈ ਬਣੇ ਮੈਂਬਰਾਂ ਦੀ ਮੀਟਿੰਗ 17 ਅਕਤੂਬਰ ਨੂੰ ਹੋਵੇਗੀ ਅਤੇ ਉਸ ਵਿਚ ਸੁਆਗਤੀ ਕਮੇਟੀ ਦੀ ਪੱਕੀ ਚੋਣ ਕਰ ਲਈ ਜਾਵੇਗੀ ਅਤੇ ਵਖ ਵਖ ਸਬ ਕਮੇਟੀਆਂ ਬਣਾਈਆਂ ਜਾਣਗੀਆਂ ਇਸ ਮੀਟਿੰਗ ਤੋਂ ਪਹਿਲਾਂ ਪੰਜਾਬੀ ਲੇਖਕ ਸਭਾ ਚੰਡੀਗੜ੍ਹ ਦੀ ਕਾਰਜਕਰਨੀ ਦੀ ਇਕ ਵਿਸ਼ੇਸ਼ ਮੀਟਿੰਗ ਹੋਈ ਜਿਸ ਨੇ ਕੇਂਦਰੀ ਪੰਜਾਬੀ ਲੇਖਕ ਸਭਾ ਵਲੋਂ ਸਰਬ ਹਿੰਦ ਪੰਜਾਬੀ ਸਾਹਿਤਕ ਕਾਨਫਰੰਸ ਚੰਡੀਗੜ੍ਹ ਵਿਚ ਕਰਾਉਣ ਦੇ ਫੈਸਲੇ ਦਾ ਸੁਆਗਤ ਕੀਤਾ ਅਤੇ ਇਸਦੀ ਪ੍ਰਬੰਧਕੀ ਜ਼ਿੰਮੇਵਾਰੀ ਨਿਭਾਉਣ ਵਿਚ ਆਪਣੀ ਦ੍ਰਿੜਤਾ ਪ੍ਰਗਟ ਕੀਤੀ। ਮੈਂਬਰਾਂ ਨੇ ਫੰਡ ਇਕੱਤਰ ਕਰਨ ਲਈ ਕੋਟੇ ਆਪਣੇ ਆਪਣੇ ਜ਼ਿੰਮੇ ਲਏ ਅਤੇ ਵਖ ਵਖ ਸਬ ਕਮੇਟੀਆਂ ਬਣਾਉਣ ਸਬੰਧੀ ਵਿਚਾਰ ਵਟਾਂਦਰਾ ਕੀਤਾ।

ਚੰਡੀਗੜ੍ਹ ਸਰਬ ਹਿੰਦ ਪੰਜਾਬੀ ਸਾਹਿਤ ਕਾਨਫਰੰਸ ਵਿਚ ਹਾਜ਼ਰ ਹੋਣ ਲਈ ਭਾਰਤੀ ਭਾਸ਼ਾਵਾਂ ਦੇ ਉਘੇ ਲੇਖਕਾਂ, ਪਾਕਿਸਤਾਨ ਇੰਗਲੈਂਡ ਤੇ ਕੈਨੇਡਾ ਦੇ ਪੰਜਾਬੀ ਲੇਖਕਾਂ ਨੂੰ ਵੀ ਸੱਦੇ ਪੱਤਰ ਭੇਜ ਦਿਤੇ ਗਏ ਹਨ।

✗ ਵਾਸ਼ਿੰਗਟਨ ਵਿਚ ਅਫਗਾਨਿਸਤਾਨ ਦੇ ਵਿਦੇਸ਼ ਮੰਤਰੀ ਨੇ ਅਮਰੀਕਾ ਸਰਕਾਰ ਵਿਰੁਧ ਇਹ ਦੋਸ਼ ਲਾਇਆ ਹੈ ਕਿ ਉਹ ਪਾਕਿਸਤਾਨ ਵਿਚ ਸਥਿਤ ਅਮਰੀਕਨ ਅੱਡਿਆਂ ਤੋਂ ਅਫਗਾਨਿਸਤਾਨ ਵਿਰੁਧ ਜੰਗ ਛੇੜਣ ਦੀਆਂ ਕਾਰਵਾਈਆਂ ਕਰ ਰਹੇ ਹਨ।

ਦਸੰਬਰ ਵਿਚ ਹਿੰਦ ਪਾਕਿ ਜੰਗ?

ਇਸਲਾਮਾਬਾਦ—ਵੱਡੀ ਗਿਣਤੀ ਵਿਚ ਛਪਦੇ ਇਕ ਪਾਕਿਸਤਾਨੀ ਰੋਜ਼ਾਨਾ ਅਖਬਾਰ ਵਲੋਂ ਇਕ ਸਿੱਖ ਅਤਿਵਾਦੀ ਲੀਡਰ ਦੇ ਨਾਂਅ ਹੇਠ ਦੋਸ਼ ਛਾਪਿਆ ਗਿਆ ਹੈ ਕਿ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦਸੰਬਰ ਮਹੀਨੇ ਵਿਚ ਪਾਕਿਸਤਾਨ ਨਾਲ ਜੰਗ ਸ਼ੁਰੂ ਕਰਨ ਦੀ ਯੋਜਨਾ ਬਣਾ ਰਹੇ ਹਨ।

ਲੰਡਨ ਤੋਂ ਪਹਿਲੇ ਸਫੇ ਦੀ ਇਕ ਰਿਪੋਰਟ ਵਿਚ ਉਰਦੂ ਦੇ ਰੋਜ਼ਾਨਾ 'ਜੰਗ' ਨੇ ਆਖਿਆ ਹੈ ਕਿ ਜਗਜੀਤ ਸਿੰਘ ਚੌਹਾਨ ਨੇ ਇਹ ਦਾਅਵਾ ਕੀਤਾ ਹੈ ਕਿ ਕੁਝ ਜਲਾਵਤਨ ਪਾਕਿਸਤਾਨੀ ਸਿਆਸਤਦਾਨ ਤਿੰਨ ਅਕਤੂਬਰ ਦੀ ਸ਼ਾਮ ਨੂੰ ਲੰਡਨ ਵਿਚ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਮਿਲੇ

ਜੰਗ ਨੇ ਆਖਿਆ ਹੈ, ਪਰ ਸ੍ਰੀ ਚੌਹਾਨ ਨੇ ਕਿਸੇ ਵੀ ਪਾਕਿਸਤਾਨੀ ਸਿਆਸਤਦਾਨ ਦਾ ਨਾਂਅ ਨਹੀਂ ਲਿਆ ਅਤੇ ਤਿੰਨ ਪਾਕਿਸਤਾਨੀ ਲੀਡਰਾਂ ਗੁਲਾਮ ਮੁਸਤਫਾ ਖਰ ਜਾਮ ਸਾਦਿਕ ਅਤੇ ਹਫੀਜ਼ ਪੀਰਜ਼ਾਦਾ ਨੇ ਇਸ ਗਲ ਤੋਂ ਇਨਕਾਰ ਕੀਤਾ ਹੈ ਕਿ ਉਹਨਾਂ ਲੰਡਨ 'ਚ ਸ੍ਰੀਮਤੀ ਗਾਂਧੀ ਨਾਲ ਮੁਲਾਕਾਤ ਕੀਤੀ।

'ਜੰਗ' ਨੇ ਡਾਕਟਰ ਜਗਜੀਤ ਸਿੰਘ ਚੌਹਾਨ ਨੂੰ "ਖਾਲਿਸਤਾਨ ਗਣਰਾਜ ਦਾ ਪ੍ਰਧਾਨ" ਲਿਖਦਿਆਂ, ਡਾ: ਚੌਹਾਨ ਵਲੋਂ ਆਪਣੇ ਬਿਆਨ 'ਚ ਲਾਏ ਹੋਰ ਦੋਸ਼ਾਂ ਸਬੰਧੀ ਲਿਖਿਆ ਹੈ ਕਿ ਪਾਕਿਸਤਾਨੀ ਸਿਆਸਤਾਦਨਾਂ ਨੇ ਕਿਹਾ ਕਿ ਉਹਨਾਂ ਨੂੰ ਸ੍ਰੀਮਤੀ ਗਾਂਧੀ ਦੀਆਂ ਯੋਜਨਾਵਾਂ ਦੀ ਕੋਈ ਜਾਣਕਾਰੀ ਨਹੀਂ।

ਫਾਰਮ ਵਰਕਰਾਂ ਤੇ ਕੰਪਨਜ਼ੇਸ਼ਨ ਰੂਲ ਲਾਗੂ ਕਰਨ ਲਈ ਕੇਸ

ਵਿਕਟੋਰੀਆ—ਸੋਮਵਾਰ ਨੂੰ ਬੀ. ਸੀ. ਸੁਪਰੀਮ ਕੋਰਟ ਵਿਚ ਕੈਨੇਡੀਅਨ ਫਾਰਮ ਵਰਕਰਜ਼ ਯੂਨੀਅਨ ਵਾਸਤੇ ਬੀ. ਸੀ. ਫੈਡਰੇਸ਼ਨ ਆਫ ਲੇਬਰ ਵਲੋਂ ਕੇਸ ਦਾਇਰ ਕੀਤਾ ਗਿਆ ਕਿ ਬੀ. ਸੀ. ਫਾਰਮਾਂ ਨੂੰ ਕੰਪਨਜ਼ੇਸ਼ਨ ਰੂਲ ਲਾਗੂ ਕਰਨ ਲਈ ਕਿਹਾ ਜਾਏ। ਬੀ. ਸੀ. ਫੈਡਰੇਸ਼ਨ ਆਫ ਐਗਰੀਕਲਚਰ ਵਲੋਂ ਇਸ ਦੀ ਵਿਰੋਧਤਾ ਕੀਤੀ ਜਾ ਰਹੀ ਹੈ।

ਮੈਂ ਸੰਦਲੀ ਲਿਬਾਸ ਹੂੰ ਜਲਨੇ ਕੇ ਬਾਦ ਭੀ,
ਸਬ ਰਾਸਤੋਂ ਪੇ ਅਪਨੀ ਮਹਕ ਛੋੜ ਜਾਊਂਗਾ।

ਐਮ. ਬੀ. ਸੁਪਰ-ਮਾਰਕਿਟ ਨਵੀਂ ਥਾਂ ਤੇ

ਸ: ਸੋਹਨ ਸਿੰਘ ਮਾਂਗਟ ਸੂਚਨਾ ਦਿੰਦੇ ਹਨ ਕਿ ਐਮ. ਬੀ. ਸੁਪਰਮਾਰਕਿਟ ਨਵੀਂ ਥਾਂ ਤੇ ਮੂਵ ਹੋ ਗਏ ਹਨ। ਨਵੀਂ ਸਟੋਰ ਪੁਰਾਣੀ ਸਟੋਰ ਤੋਂ ਕਿੰਗਜੌਰਜ ਹਾਈਵੇ ਵੱਲ ਨੂੰ ਪੰਜਵੀਂ ਸਟੋਰ ਹੈ। ਇਸ ਵੇਲੇ ਉਥੇ ਭਾਰੀ ਸੇਲ ਚਲ ਰਹੀ ਹੈ ਜੋ 6 ਨਵੰਬਰ ਤੱਕ ਚੱਲੇਗੀ।



ਧ ਾ ਰ ਮਿ ਕ ਦ ਰ ਪ ਣ

ਜਪੁਜੀ: ਸਿਖ ਧਰਮ ਦੀ ਵਿਸ਼ੇਸ਼ ਬਾਣੀ

ਪ੍ਰਿੰਸੀਪਲ ਪ੍ਰਕਾਸ਼ ਸਿੰਘ

ਦਰਸ਼ਨ, ਅਨੁਭਵ ਤੇ ਸ਼ਬਦ—

ਇਸ ਦਰਸ਼ਨ-ਭਰਪੂਰ ਬਾਣੀ ਵਿਚ ਤਰਕ ਨਾਲੋਂ ਅਨੁਭਵ ਅਤੇ ਅਨੁਭਵ ਨਾਲੋਂ ਵੀ 'ਸ਼ਬਦ' ਦੀ ਕਿਧਰੇ ਵਧ ਮਹਾਨਤਾ ਹੈ । ਤਰਕ ਖਿਆਲਾਂ ਦੀ ਪਕਿਆਈ ਲਿਆਂਦਾ ਹੈ। ਕਲਪਨਾ ਵਿਚ ਬਿੰਬ ਘੜਨ ਵਿਚ ਤੇ ਰੂਪ ਰੰਗ ਰਸ ਚਿਤਰਨ ਵਿਚ ਭਾਵੇਂ ਸਹਾਈ ਹੋਵੇ, ਯਥਾਰਥ ਗਿਆਨ ਦੀ ਪ੍ਰਾਪਤੀ ਤੇ ਗਿਆਨ ਨੂੰ ਦਰਸਾਣ ਲਈ ਸਿੱਧੇ ਤੌਰ ਤੇ ਸਾਧਨ ਨਹੀਂ ਬਣ ਸਕਦੀ । ਕਲਪਨਾ ਬਾਣੀ ਦੀ ਪ੍ਰਾਪਤੀ ਦਾ ਸਾਧਨ ਨਹੀਂ । ਬਾਣੀ, ਸੱਚੀ ਬਾਣੀ ਤਾਂ ਸ਼ਬਦ ਦੁਆਰਾ ਸੁਤੇ-ਸਿਧ ਮਨ ਵਿਚ ਪ੍ਰਕਾਸ਼ਮਾਨ ਹੁੰਦੀ ਹੈ। ਹਾਂ ਬਾਣੀ ਨੂੰ ਚਿਤਰਨ ਵਿਚ ਕਲਪਨਾ ਤੇ ਤਰਕ ਦੋਵੇਂ ਸਹਾਈ ਹੁੰਦੇ ਹਨ। ਪਰ ਸ਼ਬਦ, ਜਿਸ ਦੁਆਰਾ ਬਾਣੀ ਦਾ ਪ੍ਰਕਾਸ਼ ਹੁੰਦਾ ਹੈ, ਕੀ ਹੈ ? ਸ਼ਬਦ ਪ੍ਰਭੂ-ਦਰਸ਼ਨ ਹੈ । ਇਹ ਸੁਤੇ ਹੀ ਆਤਮਾ ਵਿਚੋਂ ਉਜਾਗਰ ਹੁੰਦਾ ਹੈ । ਤਰਕ ਦਾ ਸਬੰਧ ਬੁਧੀ ਨਾਲ ਹੈ । ਕਲਪਨਾ ਦਾ ਆਧਾਰ ਸਾਡੇ ਇੰਦਰਿਆਂ ਦੁਆਰਾ ਗਿਆਨ ਹੈ, ਪਰ ਸ਼ਬਦ ਦਾ ਆਧਾਰ ਸਾਡੀ ਆਤਮਾ ਹੈ। ਜਪੁਜੀ ਦੀ ੩੮ਖੀਂ ਪਉੜੀ ਵਿਚ ਸਪਸ਼ਟ ਕੀਤਾ ਹੈ ਕਿ :-

"ਜਤੁ ਪਾਹਾਰਾ ਧੀਰਜੁ ਸੁਨਿਆਰੁ ॥
ਅਹਰਣਿ ਮਤਿ ਵੇਦੁ ਹਥੀਆਰੁ ॥
ਭਉ ਖਲਾ ਅਗਨਿ ਤਪ ਤਾਉ ॥
ਭਾਂਡਾ ਭਾਉ ਅੰਮ੍ਰਿਤ ਤਿਤੁ ਢਾਲਿ ॥
ਘੜੀਐ ਸਬਦੁ ਸਚੀ ਟਕਸਾਲ ॥"

ਸ਼ਬਦ ਪਰਮਾਣ ਦੀ ਪ੍ਰਾਪਤੀ ਲਈ ਇਹੋ ਜਿਹੇ ਜ਼ਬਤ ਦੀ ਲੋੜ ਹੈ। ਇਹ ਜ਼ਬਤ ਤੇ ਨੇਮ 'ਸਿਮਰਨ' ਦੁਆਰਾ ਪ੍ਰਾਪਤ ਹੁੰਦਾ ਹੈ। ਅਨੁਭਵ ਤੇ ਗਿਆਨ ਇਕ ਦੂਜੇ ਉਤੇ ਨਿਰਭਰ ਤੇ ਆਧਾਰਿਤ ਹਨ । ਜਪੁਜੀ ਵਿਚ ਅਨੁਭਵ ਨੂੰ ਲਿਖਤੀ ਜਾਮਾ, ਹਿਰਦੇ ਰੂਪੀ ਸੱਚਪ 'ਟਕਸਾਲ' ਦੁਆਰਾ ਪਾ ਕੇ ਸ਼ਬਦ ਨੂੰ ਘੜਿਆ ਜਾਂਦਾ ਦਿਖਾਇਆ ਗਿਆ ਹੈ ।

ਸਿਖ ਧਰਮ ਤੇ ਫ਼ਲਸਫ਼ੇ ਦਾ ਤੱਤ-ਸਾਰ—

ਜਪੁਜੀ ਸਾਹਿਬ ਵਿਚ ਸਿਖ ਧਰਮ ਤੇ ਫ਼ਲਸਫ਼ੇ ਦਾ ਤਤ-ਸਾਰ ਸਮੋਇਆ ਪਿਆ ਹੈ ਅਤੇ ਬਾਕੀ ਦੇ ਗੁਰੂ ਗ੍ਰੰਥ ਸਾਹਿਬ ਨੂੰ ਇਸ ਵਿਚ ਅੰਕਿਤ ਮੁਢਲੇ ਵਿਚਾਰਾਂ ਦੀ ਵਿਆਖਿਆ ਕਿਹਾ ਜਾ ਸਕਦਾ ਹੈ ।

'ਜਪੁਜੀ' ਐਸੀਆਂ ਰਚਨਾਵਾਂ ਵਿਚੋਂ ਇਕ ਰਚਨਾ ਹੈ ਜੋ ਕਿ ਅਜਿਹੀਆਂ ਪਵਿੱਤਰ ਆਤਮਾਵਾਂ ਰਚਦੀਆਂ ਹਨ, ਜਿਨ੍ਹਾਂ ਨੇ ਰੱਬੀ ਚੇਤਨਾ ਦਾ ਰਸ ਮਾਣਿਆ ਹੋਏ । ਉਹ ਉੱਚੀਆਂ ਆਤਮਾਵਾਂ ਐਸੀਆਂ ਹੁੰਦੀਆਂ ਹਨ, ਜਿਨ੍ਹਾਂ ਦੇ ਇਲਾਹੀ ਸ਼ਬਦ, ਕਈ ਪੀੜ੍ਹੀਆਂ ਤੱਕ, ਮਾਨਵਤਾ ਨੂੰ ਸੱਚਾ ਮਾਰਗ ਦਰਸਾਣ ਵਿਚ ਸਹਾਈ ਹੁੰਦੇ ਹਨ; ਅਤੇ ਉਨ੍ਹਾਂ ਦੀ ਬਾਣੀ ਲੋਕਾਈ ਦੇ ਨਿਜ-ਅੰਦਰ ਰੱਬੀ ਜੋਤ ਦਾ ਪ੍ਰਕਾਸ਼ ਕਰਨ ਵਿਚ ਸਹਾਈ ਹੁੰਦੀ ਹੈ ।

ਸਰਦਾਰ ਗੁਰਮੁਖ ਨਿਹਾਲ ਸਿੰਘ ਦੇ ਸ਼ਬਦਾਂ ਵਿਚ : "ਧਾਰਮਕ ਸਾਹਿਤ ਵਿਚ ਜਪੁਜੀ ਦਾ ਗੀਤਾ ਜਾਂ ਅੰਜੀਲ ਦੇ ਨਵੇਂ-ਨੇਮ ਨਾਲ ਸਹਿਜੇ ਹੀ ਟਾਕਰਾ ਕੀਤਾ ਜਾ ਸਕਦਾ ਹੈ। ਜਿਵੇਂ ਗੀਤਾ ਹਿੰਦੂ ਧਰਮ ਦਰਸ਼ਨ ਦਾ ਤਤਸਾਰ ਅਤੇ ਨਵੇਂ ਨੇਮ ਵਿਚ ਈਸਾਈ ਮਤ ਦੇ ਮੁਢਲੇ ਅਸੂਲ ਅੰਕਿਤ ਹਨ, ਇੰਜ ਹੀ ਸਿਖ ਧਰਮ ਦੇ ਫਲਸਫੇ ਦਾ ਸਾਰੰਸ਼ ਜਪੁਜੀ ਵਿਚ ਵਿਦਮਾਨ ਹੈ

ਸੁਖਮਨੀ ਸਾਹਿਬ
SUKHMANI SAHIB

ਪ੍ਰਭ ਕੈ ਸਿਮਰਨਿ ਹੋਇ ਸੁ ਭਲਾ ॥ ਪ੍ਰਭ ਕੈ ਸਿਮਰਨਿ ਸੁਫਲ ਫਲਾ ॥
Prabh kai simran(i) hoe su bhala.
Prabh kai simran(i) suphal phala.
(By remembering God,(the true devotee) treats whatever God does as good and becomes reconciled to His will.)
(By remembering God, one reaps the true fruit(of human life.)

ਸੇ ਸਿਮਰਹਿ ਜਿਨ ਆਪਿ ਸਿਮਰਾਏ ॥ ਨਾਨਕ ਤਾ ਕੈ ਲਾਗਉ ਪਾਏ ॥੩॥
Se simreh jin ap(i) simare.
Nanak ta kai lagau pae.
(Those, whom He has caused to do so, remember Him.)
(Guru), Nanak (says), touch the feet of such ones(follow their advice and pay utmost respects to them).

ਪ੍ਰਭ ਕਾ ਸਿਮਰਨੁ ਸਭ ਤੇ ਊਚਾ ॥ ਪ੍ਰਭ ਕੈ ਸਿਮਰਨਿ ਉਧਰੇ ਮੂਚਾ ॥
Prabh ka simran(U) sabh te ucha.
Prabh kai simran(i) udhre mucha.
(Rememberance of God is the most exalted of all duties.)
(By remembering God, many are saved(from sins in this world and get salvation after death.)

ਪ੍ਰਭ ਕੈ ਸਿਮਰਨਿ ਤ੍ਰਿਸਨਾ ਬੁਝੈ ॥ ਪ੍ਰਭ ਕੈ ਸਿਮਰਨਿ ਸਭੁ ਕਿਛੁ ਸੁਝੈ ॥
Prabh kai simran(i) trisna bujhai.
Prabh kai simran(i) sabh(u) kichh(u) sujhai.
(By remembering God, the thirst(yearning for mammon) is quenched.)
(By remembering God, one fully understands all things(what is evil and what is good.)

ਪ੍ਰਭ ਕੈ ਸਿਮਰਨਿ ਨਾਹੀ ਜਮ ਤ੍ਰਾਸਾ ॥ ਪ੍ਰਭ ਕੈ ਸਿਮਰਨਿ ਪੂਰਨ ਆਸਾ ॥
Prabh kai simran(i) nahi jam trasa.
Prabh kai simran(i) puran asa.
(By remembering God, the fear of death vanishes.
(By remembering God, all desires are fulfilled(the devotee does not yearn for more wordly things.)

ਪ੍ਰੈਸ ਰਲੀਜ਼

ਪਿਛਲੇ ਕੁਝ ਸਮੇਂ ਤੋਂ ਸਤਨਾਮ ਟਰੱਸਟ ਸਬੰਧੀ ਜਾਂ ਸਤਨਾਮ ਟਰਸਟ ਵਲੋਂ ਵੇਚੀਆਂ ਜਾਂਦੀਆਂ ਟੇਪਾਂ ਸਬੰਧੀ ਕਈ ਤਰ੍ਹਾਂ ਦੇ ਵਿਚਾਰ ਪੇਪਰਾਂ ਵਿਚ ਆਏ ਹਨ, ਇਸ ਲਈ ਸਪਸ਼ਟੀ ਕਰਨ ਦੇਣਾ ਜਰੂਰੀ ਹੈ ਤਾਕਿ ਸੰਗਤਾਂ ਨੂੰ ਕੋਈ ਭੁਲੇਖਾ ਨਾ ਪੈ ਸਕੇ।

1. ਸਤਨਾਮ ਟਰੱਸਟ ਚਾਰ ਕੁ ਸਾਲ ਪਹਿਲਾਂ ਧਰਮ ਦੇ ਪ੍ਰਚਾਰ ਨੂੰ ਮੁਖ ਰਖਕੇ ਬਣਾਇਆ ਗਿਆ ਸੀ। ਇਸ ਟਰੱਸਟ ਦਾ ਕਿਸੇ ਵੀ ਗੁਰੂ ਘਰ ਤੇ ਕਬਜ਼ਾ ਕਰਨ ਦਾ ਕੋਈ ਮੰਤਵ ਨਹੀਂ।

2. ਇਸ ਟਰੱਸਟ ਵਾਸਤੇ ਸਾਰੇ ਹੀ ਗੁਰਦੁਆਰਾ ਸਾਹਿਬਾਨ ਬਰਾਬਰ ਹਨ। ਨਜ਼ਦੀਕ ਹੋਣ ਕਰਕੇ ਅਤੇ ਖੁੱਲ੍ਹੀ ਜਗਾ ਹੋਣ ਕਰਕੇ ਟੇਪਾਂ, ਲਿਟਰੇਚਰ ਅਤੇ ਕਕਾਰ ਆਮ ਤੌਰ ਤੇ ਗੁਰਦੁਆਰਾ ਸਾਹਿਬ ਰੌਸ ਸਟਰੀਟ ਵਿਚ ਹੀ ਵੰਡੇ ਜਾਂਦੇ ਰਹੇ ਹਨ। ਪਰ ਖਾਸ ਸਮਿਆਂ ਤੇ ਪ੍ਰਿੰਸ ਜਾਰਜ, ਵਿਲੀਅਮ ਲੇਕ ਅਤੇ ਨਨੈਮੋਂ ਤੱਕ ਵੀ ਅਸੀਂ ਆਪ ਇਹ ਸਮਾਨ ਲੈ ਕੇ ਗਏ ਹਾਂ । ਹੁਣ ਨਵੇਂ ਬਣੇ ਅਕਾਲੀ ਸਿੰਘ ਗੁਰਦੁਆਰਾ ਸਾਹਿਬ ਵਿਚ ਵੀ ਅਸੀਂ ਇਹ ਸੇਵਾ ਸ਼ੁਰੂ ਕਰ ਦਿਤੀ ਹੈ।

3. ਸਤਨਾਮ ਟਰੱਸਟ ਪਿਛਲੇ ਕਈ ਸਾਲਾਂ ਤੋਂ ਗੁਰਬਾਣੀ ਕੀਰਤਨ ਅਤੇ ਕਥਾ ਦੀਆਂ ਟੇਪਾਂ ਭਰ ਕੇ ਬਹੁਤ ਸਸਤੇ ਮੁੱਲ ਤੇ ਸੰਗਤਾਂ ਤੱਕ ਪਹੁੰਚਾ ਰਿਹਾ ਹੈ । ਇਨ੍ਹਾਂ ਟੇਪਾਂ ਵਿਚ ਅਸੀਂ ਕਦੇ ਵੀ ਕੋਈ ਕੱਟ ਵੱਖ ਜਾਂ ਅਦਲਾ ਬਦਲੀ ਨਹੀਂ ਕੀਤੀ। ਹਾਂ ਜੇ ਕੋਈ ਟੇਪ ਗੁਰਮਤ ਅਸੂਲਾਂ ਦੇ ਖਿਲਾਫ ਜਾਂ ਫੁਟ ਪਾਊ ਹੋਵੇ। ਅਸੀਂ ਉਹ ਸੰਗਤਾਂ ਵਿਚ ਨਹੀਂ ਵੇਚਦੇ।

4.ਇਸ ਟਰੱਸਟ ਵਲੋਂ ਪਿਛਲੇ ਕਈ ਸਾਲਾਂ ਤੋਂ ਸ਼ਹੀਦ ਮੇਵਾ ਸਿੰਘ ਪੰਜਾਬੀ ਸਕੂਲ ਵੀ ਚਲਾਇਆ ਜਾ ਰਿਹਾ ਹੈ। ਜਿੱਥੇ ਪੰਜਾਬੀ ਵਿਦਿਆ ਦੇ ਨਾਲ ਨਾਲ ਕੀਰਤਨ ਅਤੇ ਗੁਰਬਾਣੀ ਪਾਠ ਵੀ ਸਖਾਇਆ ਜਾਂਦਾ ਹੈ।

5. ਇਸ ਟਰੱਸਟ ਨੇ ਖਾਲਸਾ ਦੀਵਾਨ ਸੋਸਾਇਟੀ ਵੈਨਕੂਵਰ ਦੀ ਨਵੀਂ ਪ੍ਰਾਪਰਟੀ ਦੇ ਨਾਲ ਲਗਦੀ ਪੰਜ ਏਕੜ ਜ਼ਮੀਨ ਵੀ ਖਰੀਦੀ ਹੈ ਜਿਥੇ ਵੱਡੀ ਪੱਧਰ ਤੇ ਸਕੂਲ ਚਲਾਉਣ ਦਾ ਨਿਸ਼ਾਨਾ ਹੈ।

ਸੰਗਤਾਂ ਦਾ ਸੇਵਾਦਾਰ
ਗੁਰਮੀਤ ਸਿੰਘ ਪੰਨੂੰ
ਫੋਨ 873-5950
ਟਰੱਸਟੀ ਸਤਨਾਮ ਟਰੱਸਟ





ਖੁ - ਸ਼ - ਖ - ਬ - ਰੀ !

ਨਵੇਂ ਸਟੋਰ ਦਾ ਪਤਾ :-
6556-6560 Main St.,
Vancouver, B.C.

ਬੰਬੇ ਸਵੀਟ ਮੈਨੂ

ਖੂਬਸੂਰਤ ਉਦਘਾਟਨ ਸ਼ਨਿਚਰ



ਮਿਸਟਰ ਨਰੇਸ਼ ਸ਼ੁਕਲਾ

Bombay



BOMBAY SWEET MFG. INC.

GRAND O

ਵਧੀਆ ਡੀਜ਼ਾਇਨ ਦੀ ਉਨ੍ਹਾਂ ਦੀ ਆਪਣੀ ਬਿਲਡਿੰਗ ਵਿਚ

ਨਵੀਂ ਥਾਂ ਤੇ ਮਠਿਆਈਆਂ ਭਾਂਤ ਭਾਂਤ ਦੀਆਂ ਨਮਕੀਨ ਚੀਜ਼ਾਂ ਦੀ ਬੇਇੰਤਹਾ ਵਰਾਇਟੀ — ਵੈਨਕੂਵਰ ਵਿਚ ਅਜਿਹੀਆਂ ਮਠਿਆਈਆਂ ਤੇ ਨਮਕੀਨ ਦਾ ਸੁਆਦ ਤੁਸੀਂ ਪਹਿਲੀ ਵਾਰ ਮਾਣੋਗੇ !

ਖੁ - ਸ਼ - ਖ - ਬ - ਰੀ !

6545 Main St. (at 49th Ave.)
Vancouver, B.C.
(604)321-1414

4405 Main St.(at 28th Ave.)
Vancouver, B.C.
(604)874-5722

ੈਕਚਰਰ ਇ:

ਾ

ਵਾਰ,29 ਅਕਤੂਬਰ, 1983 ਨੂੰ



ਬੰਬੇ ਸਵੀਟ ਵਾਲੇ ਕੈਨੇਡਾ ਵਿਚ ਸਭ ਤੋਂ ਵੱਡੇ ਪੈਮਾਨੇ ਤੇ ਭਾਰਤੀ ਮਠਿਆਈਆਂ ਬਣਾਉਣ ਵਾਲੇ ਹਨ

ENING



ਹੈਰਾਨਕੁਨ ਨਵੀਆਂ ਚੀਜ਼ਾਂ ਲਈ ਕੈਨੇਡਾ ਦਰਪਣ ਦਾ ਅਗਲਾ ਅੰਕ ਵੇਖੋ

"ਅਸੀਂ ਤੁਹਾਡੀ ਜ਼ਿੰਦਗੀ ਵਿਚ ਹੋਰ ਮਿਠਾਸ ਭਰਾਂਗੇ !"

ਨਰੇਸ਼ ਸ਼ੁਕਲਾ ਐਂਡ ਬਰਦਰਜ਼

Bombay Sweets Manufacturer Inc. and Naresh Shukla and Bros.

Would like to thank all our customers for helping us grow.

ਸਾ ਹਿ ਤ ਦ ਰ ਪ ਣ

ਕਹਾਣੀ :

ਅਧੂਰੀਆਂ ਸੱਧਰਾਂ

ਮੱਖਣ ਟੁੱਟ

ਕੌਫ਼ੀ ਟਾਈਮ ਦੀ ਵਿਸਲ ਵੱਜੀ ਤਾਂ ਦੇਵ ਲੰਚ ਕਿਟ ਚੁਕ ਕੇ ਲੱਕੜਾਂ ਦੇ ਛੋਟੇ ਜਿਹੇ ਢੇਰ ਤੇ ਜਾ ਬੈਠਾ। ਮੀਂਹ ਪੈਂਦੇ 'ਚ ਉਹ ਕਦੀ ਲੰਚ ਰੂਮ 'ਚ ਨਹੀਂ ਗਿਆ ਸੀ। ਉਹ ਤੇ ਬਾਪੂ ਬਿਸ਼ਨਾ ਕੌਫ਼ੀ ਜਾਂ ਲੰਚ ਟਾਈਮ ਦੀ ਵਿਸਲ ਵਜਦੇ ਸਾਰ ਇਥੇ ਹੀ ਖਾਣ ਪੀਣ ਬਹਿ ਜਾਇਆ ਕਰਦੇ ਸਨ। ਦਿਲ ਗੁਜ਼ਰੀਆਂ ਦੀ ਭਾਫ ਉਹ ਕਦੀ ਕਦੀ ਬਾਪੂ ਬਿਸ਼ਨੇ ਕੋਲ ਕੱਢ ਲੈਂਦਾ। ਦੁਖ ਦਰਦ ਫੋਲਦਿਆਂ ਪਤਾ ਨਹੀਂ ਟਾਈਮ ਕਦ ਝਟ ਪਟ ਬੀਤ ਜਾਂਦਾ। ਥਰਮਸ ਬੋਤਲ 'ਚੋਂ ਉਹਨੇ ਚਾਹ ਕੱਪ 'ਚ ਪਾਈ ਤੇ ਪੀਣ ਲੱਗਾ। ਦੋ ਕੁ ਘੁੱਟਾਂ ਭਰ ਕੇ ਉਹਨੇ ਕੱਪ ਹੇਠਾਂ ਰੱਖ ਦਿੱਤਾ। ਉਹ ਸੋਚਣ ਲੱਗ ਪਿਆ ਕਿ ਸਵੇਰੇ ਸੁਣੀ ਅਫਵਾਹ ਜੇ ਸੱਚ ਹੋਈ ਤਾਂ ਉਹਦੇ ਦਿਲ ਦੇ ਅਰਮਾਨ ਕਿਤੇ ਦੱਬੇ ਹੀ ਨਾ ਰਹਿ ਜਾਣ। ਉਹ ਕਿਸੇ ਕੋਲ ਆਪਣੇ ਦਿਲ ਦੀ ਭਾਫ ਕੱਢਣਾ ਚਾਹੁੰਦਾ ਸੀ। ਪਰ ਉਹ ਇਕੱਲਾ ਹੀ ਬੈਠਾ ਸੀ। ਬਾਪੂ ਬਿਸ਼ਨੇ ਨੂੰ ਸੀਡਰ ਨਾਲ ਹੋਈ ਸਾਹ ਦੀ ਕਸਰ ਕਰਕੇ ਉਹਦੇ ਕੋਲੋਂ ਰੇਨ ਦੇ ਫੱਟੇ ਨਹੀਂ ਖਿਚ ਹੁੰਦੇ ਸੀ ਜਿਸ ਕਰਕੇ ਉਹ ਕਿਸੇ ਹੋਰ ਕੰਮ ਤੇ ਜਾ ਲੱਗਾ ਸੀ। ਇਕੱਲਾ ਬੈਠਾ ਦੇਵ ਡੂੰਘੀਆਂ ਸੋਚਾਂ 'ਚ ਡਿੱਗਾ ਕਿਸੇ ਤੋਂ ਹੁੰਗਾਰਾ ਚਾਹੁੰਦਾ ਸੀ। ਉਹ ਨਿੱਕਾ ਹੁੰਦਾ ਦਾਦੀ ਤੋਂ ਕਹਾਣੀਆਂ ਸੁਣਦਾ ਹੁੰਦਾ ਸੀ ਜਿਨ੍ਹਾਂ 'ਚ ਪੰਛੀ, ਰੁੱਖ, ਹਵਾ, ਦਰਿਆ ਗੱਲਾਂ ਕਰਦੇ ਦੱਸੇ ਗਏ ਸੀ। ਉਹਦਾ ਧਿਆਨ ਲਾਗਦੀ ਵਹਿੰਦੇ ਦਰਿਆ ਤੇ ਪਿਆ ਫਰੇਜ਼ਰ ਦਰਿਆ ਦੀ ਸ਼ਾਂਤ ਰਵਾਨਗੀ ਉਹਨੂੰ ਕਿਸੇ ਬਹਿਰੇ ਪੁਜਾਰੀ ਵਰਗੀ ਲੱਗੀ ਜੋ ਆਏ ਸ਼ਰਧਾਲੂਆਂ ਤੋਂ ਪੂਜਾ ਪਾਠ ਦੀ ਸਮੱਗਰੀ ਲੈ ਭਗਵਾਨ ਦੇ ਬੇਜਾਨ ਬੁੱਤ ਤੇ ਚਾੜ੍ਹ ਕੇ ਆਪਣੀ ਰਸਮ ਪੂਰੀ ਕਰੀ ਜਾਂਦਾ, ਪਰ ਇਹ ਨਾ ਸੁਣ ਸਕਦਾ ਕਿ ਫੁੱਲ ਚੜ੍ਹਾਉਣ ਵਾਲੀ ਕਿਸੇ ਦੁਖਿਆਰੀ ਨੇ ਸੱਖਣੀ ਝੋਲੀ ਲਈ ਪੁੱਤ ਦੀ ਦੁਆ ਮੰਗੀ ਹੈ ਜਾਂ ਰੁੱਸੇ ਖਾਵੰਦ ਨਾਲ ਸੁਲਾਹ ਹੋਣ ਦਾ ਪ੍ਰਸ਼ਾਦ ਸੁੱਖਿਆ ਹੈ। ਬਹਿਰੇ ਪੁਜਾਰੀ ਦੇ ਪੂਜਾ ਕਰਨ ਵਾਂਗ ਹੀ ਇਹ ਦਰਿਆ ਲੱਕੜਾਂ ਦੇ ਢੇਰ ਰੋੜ ਲਿਆਉਂਦਾ ਉਹਨੂੰ ਲੱਖ-ਪਤੀ ਭਗਵਾਨਾਂ ਦੀ ਸੇਵਾ ਕਰਦਾ ਲੱਗਾ। ਉਹਨੂੰ ਲੱਗਾ ਇਹਦੇ ਕੰਢੇ ਤੇ ਬਣੀਆਂ ਲੱਕੜ ਮਿਲਾਂ 'ਚ ਕੰਮ ਕਰਦੇ ਅਨੇਕਾਂ ਕਾਮਿਆਂ ਦੀਆਂ ਸੱਧਰਾਂ ਦਰਿਆ ਦੀਆਂ ਉਨ੍ਹਾਂ ਲਹਿਰਾਂ ਵਰਗੀਆਂ ਹਨ ਜੋ ਅੱਧ ਵਿਚਕਾਰੋਂ ਤੂਫਾਨ ਵਾਂਗ ਉੱਠਦੀਆਂ ਪਰ ਕੰਢੇ ਪਹੁੰਚਣ ਤੋਂ ਪਹਿਲਾਂ ਹੀ ਖਤਮ ਹੋ ਜਾਂਦੀਆਂ। ਖੁੰਬਾਂ ਵਾਂਗ ਉੱਠੇ ਅਰਮਾਨ ਸਮੇਂ ਦੀ ਧੂੜ ਹੇਠ ਨੱਪੇ ਜਾਂਦੇ ਅਤੇ ਫਿਰ ਬੇਵਸੀ ਦੇ ਛਰਾਟਿਆਂ ਹੇਠ ਵਹਿੰਦੇ ਗ਼ਮਾਂ ਦੇ ਕਿਸੇ ਦਰਿਆ 'ਚ ਜਾ ਰਲਦੇ। ਪੰਦਰਾਂ ਮਿੰਟਾਂ ਦੇ ਕੌਫ਼ੀ ਟਾਈਮ ਦੇ ਖਤਮ ਹੋਣ ਦੀ ਵਿਸਲ ਵੱਜੀ। ਉਹਦਾ ਧਿਆਨ ਇਕ ਦਮ ਵਹਿੰਦੇ ਦਰਿਆ ਵਲੋਂ ਹਟਿਆ ਉਹਨੇ ਕੱਪ 'ਚ ਠੰਡੀ ਹੋ ਗਈ ਚਾਹ ਡੋਲ੍ਹ ਦਿੱਤੀ। ਲੰਚ ਕਿਟ 'ਚ ਥਰਮਸ ਰੱਖ ਕੇ ਉਹ ਚੇਨ ਤੇ ਫੱਟੇ ਖਿਚਣ ਜਾ ਲੱਗਾ।

ਮੋਹਲੇਧਾਰ ਮੀਂਹ ਨੇ ਉਹਨੂੰ ਇੰਡੀਆ ਦੀ ਸਾਉਣ ਭਾਦੋਂ ਯਾਦ ਕਰਾ ਦਿੱਤੀ। ਕਾਲਿਜ ਦੇ ਬੀਤੇ ਦਿਨਾਂ ਦੀ ਯਾਦ-ਨਿੰਮੀ ਨਿੰਮੀ ਬਰਸਾਤ—ਕਦੀ ਸਾਉਣ ਦੇ ਛਰਾਟੇ ਬਰਸਾਤ ਦੀ ਝੜੀ ਯਾਰਾਂ ਦੋਸਤਾਂ ਦੀ ਮਹਿਫਲ 'ਚ ਨਿੱਘੀ ਸ਼ਾਮ ਬਣ ਜਾਂਦੀ ਸੀ। ਉਧਾਰ ਦੇ ਹਿਸਾਬ 'ਚ ਖੁਲ੍ਹੀਆਂ ਦਾਰੂ ਦੀਆਂ ਬੋਤਲਾਂ ਮਹਿਫਲ 'ਚ ਉਹਦਾ ਠਾਠ ਬੰਨ ਦਿੰਦੀਆਂ ਸਨ। ਫਿਰ ਇਕ ਦਿਨ ਪਿਓ ਦੀ ਅਚਾਨਕ ਮੌਤ ਨੇ ਬੇ-ਫਿਕਰੀ ਦੀ ਅਸਮਾਨੀ ਪੈਂਦੀ ਉਹਦੀ ਸਤਰੰਗੀ ਪੀਂਘ ਤੋੜ ਦਿੱਤੀ। ਕੁਆਰੀਆਂ ਭੈਣਾਂ ਸਣੇ ਸਾਰੇ ਪ੍ਰਵਾਰ ਦੀ ਜ਼ਿੰਮੇਵਾਰੀ ਫਿਕਰਾਂ ਦੇ ਡੋਰੇ ਬਣ ਉਹਦੀਆਂ ਅੱਖਾਂ 'ਚ ਰੜਕਦੀ ਨੀਂਦ ਹਰਾਮ ਕਰ ਜਾਂਦੀ। ਕੈਨੇਡਾ 'ਚ ਰਹਿੰਦੇ ਉਹਦੇ ਚਾਚੇ ਨੇ ਤਰਸ ਖਾ ਕੇ ਆਪਣੇ ਸਾਲੇ ਦੀ ਕੁੜੀ ਦਾ ਰਿਸ਼ਤਾ ਉਹਨੂੰ ਕਰਵਾ ਦਿੱਤਾ। ਕੈਨੇਡਾ ਆ ਕੇ ਉਹਦਾ ਵਿਆਹ ਹੋ ਗਿਆ। ਕੈਨੇਡਾ ਦੇ ਲੱਖਾਂ ਬੇ-ਰੁਜ਼ਗਾਰਾਂ ਵਾਂਗ ਉਹ ਨੌਕਰੀ ਦੀ ਤਲਾਸ਼ 'ਚ ਦਿਨ ਰਾਤ ਘੁੰਮਿਆ। ਕੰਮ ਨਾ ਮਿਲਿਆ। ਨਵਾਂ ਨਵਾਂ ਵਿਆਹਿਆ ਕਰਕੇ ਸਹੁਰਿਆਂ ਦੇ ਨਾਲ ਹੀ ਰਹਿੰਦਾ ਸੀ। ਭਾਵੇਂ ਉਹਦੇ ਵੱਸ ਦੀ ਗੱਲ ਨਹੀਂ ਸੀ ਕਿ ਉਹਨੂੰ ਨੌਕਰੀ ਨਹੀਂ ਮਿਲਦੀ ਫਿਰ ਵੀ ਸਹੁਰਿਆਂ ਦੀ ਨਿਗਾਹ ਵਿਚ ਵਿਹਲਾ ਰਹਿੰਦਾ ਕਰਕੇ ਉਹਦੀ ਪਹਿਲੀ ਇੱਜ਼ਤ ਨਾ ਰਹੀ। ਨਿੱਤ ਦੀਆਂ ਟਕੋਰਾਂ ਤੋਂ ਤੰਗ ਆ ਕੇ ਉਹਦੀ ਪਤਨੀ ਚਰਨੋ ਨੇ ਸਿਆਣਪ ਵਰਤੀ। ਹਫਤੇ ਦੇ ਪੰਜ ਦਿਨ ਉਹ ਕਲੀਨਅਪ ਦਾ ਕੰਮ ਕਰਦੀ ਸੀ। ਗੁਜ਼ਾਰਾ ਨਾ ਹੁੰਦਾ ਦੇਖ ਉਹਨੇ ਵੀਕ ਇੰਡ ਦੇ ਦੋਨੋਂ ਦਿਨ ਰੈਸਟੋਰੈਂਟ 'ਚ ਡਿਸ਼ ਵਾਸ਼ਰ ਦੀ ਨੌਕਰੀ ਲੱਭ ਲਈ ਅਤੇ ਦੇਵ ਨੂੰ ਲੈ ਕੇ ਘਰ ਦਿਆਂ ਤੋਂ ਵੱਖ ਹੋ ਗਈ। ਉਨ੍ਹਾਂ ਨੇ ਇਕ ਪੁਰਾਣੇ ਘਰ ਦੀ ਡੂੰਘੀ ਬੇਸਮੈਂਟ ਘੱਟ ਕਿਰਾਏ ਤੇ ਲੈ ਲਈ। ਚਾਚੇ ਦੀ ਭੱਜ ਦੌੜ ਨਾਲ ਮਿਲ ਵਿਚ ਉਹਨੂੰ ਨੌਕਰੀ ਵੀ ਮਿਲ ਗਈ।

ਮੀਂਹ ਹੋਰ ਤੇਜ਼ ਹੋ ਗਿਆ। ਚੇਨ ਦੇ ਉਪਰ ਛੱਤਿਆ ਢਾਰਾ ਮੀਂਹ ਨੂੰ ਰੋਕ ਨਹੀਂ ਸਕਦਾ ਸੀ। ਪਾਸਿਆਂ ਉਤੋਂ ਹਵਾ ਨਾਲ ਆਉਂਦੀ ਤੇਜ਼ ਵਾਛੜ ਅਤੇ ਉਪਰੋਂ ਚੋਂਦੇ ਪਾਣੀ ਨੇ ਚੇਨ ਦੇ ਆਲੇ ਦੁਆਲੇ ਗਾਰਾ ਬਣਾ ਦਿੱਤਾ। ਮੀਂਹ ਦੀ ਵਾਛੜ ਤੋਂ ਉਹਨੇ ਮੀਂਹ 'ਚ ਕੰਮ ਕਰਨ ਵਾਲੇ ਕਪੜੇ ਪਾਏ ਹੋਏ ਸਨ। ਕਪੜੇ ਭਾਰੇ ਹੋਣ ਕਰਕੇ ਅਤੇ ਫੱਟੇ ਖਿਚਣ ਦਾ ਭਾਰਾ ਕੰਮ ਹੋਣ ਕਰਕੇ ਉਹਨੂੰ ਮੁੜ੍ਹਕਾ ਆ ਰਿਹਾ ਸੀ। ਮੁੜ੍ਹਕਿਓਂ ਮੁੜ੍ਹਕੀ ਹੋਇਆ ਉਹ ਸੋਚਦਾ ਕਿ ਸ਼ਾਇਦ ਕੱਲ੍ਹ ਵਾਂਗ ਚੇਨ ਹੀ ਟੁਟ ਜਾਵੇ ਅਤੇ ਇੰਜ ਉਹ ਕਪੜੇ ਵੀ ਲਾਹ ਲਊ ਅਤੇ ਸਾਹ ਵੀ ਲੈ ਲਊ। ਰਬੜ ਦੇ ਬੂਟਾਂ ਨਾਲ ਆਪਣਾ ਆਪ ਗਾਰੇ ਵਿਚ ਖੁੱਭਾ ਦੇਖ ਕੇ ਉਹਨੂੰ ਆਪਣੇ ਪਿੰਡ ਝੋਨੇ ਲਈ ਕੱਦੂ ਕਰਦੇ ਗਾਰੇ 'ਚ ਖੁੱਭੇ ਬਲਦਾਂ ਤੇ ਜੱਟਾਂ ਦੀ ਯਾਦ ਆ ਗਈ।

"ਯਾਰ ਦੇਵ ਆਹ ਮੇਰਾ ਫੱਟਾ ਵੀ ਖਿਚ ਲਵੀਂ।"

ਉਹਦੇ ਤੋਂ ਪਹਿਲਾਂ ਫੱਟੇ ਖਿਚਦੇ ਨੇਕ ਨੇ ਉਹਨੂੰ ਆਵਾਜ਼ ਦੇ ਆਖਿਆ। ਉਹਨੇ ਹੱਛਾ ਕਹਿ ਕੇ ਫੱਟਾ ਖਿਚ ਕੇ ਉਹਦੇ ਸਾਈਜ਼ ਵਾਲੀ ਢੇਰੀ ਤੇ ਰੱਖ ਦਿੱਤਾ। ਕਰਦਾ ਵੀ ਕੀ ਹੋਰ ਕੋਈ ਹੁੰਦਾ ਤਾਂ ਕਹਿ ਦਿੰਦਾ ਬਈ ਮੇਰੇ ਕੋਲੋਂ ਤਾਂ ਆਪਦੇ ਹੀ ਮਸਾਂ ਖਿਚ ਹੁੰਦੇ। ਪਰ ਉਹਨੇ ਨੇਕ ਨੂੰ ਨਾਂਹ ਨਾ ਕੀਤੀ ਕਿਉਂਕਿ ਦੋ ਹਫਤੇ ਪਹਿਲਾਂ ਕੰਮ ਤੇ ਲੱਗੇ ਨੇਕ ਨੇ ਉਹਨੂੰ ਆਪਣੀ ਦਰਦ ਕਥਾ ਸੁਣਾਈ ਸੀ।

"ਭਰਾਵਾ ਅਨਅੰਪਲਾਈਮੈਂਟ ਦੇ ਆਉਂਦੇ ਪੈਸੇ ਵੀ ਬੰਦ ਹੋ ਗਏ ਸੀ—ਤੀਵੀਂ ਨੂੰ ਨਿਆਣਾ ਹੋਣ ਵਾਲਾ ਕਰਕੇ ਕੰਮ ਨਹੀਂ ਕਰ ਸਕਦੀ—ਜੇ ਆਹ ਕੰਮ ਨਾ ਲੱਭਦਾ ਤਾਂ ਬੱਸ ਵੈਲਫੇਅਰ ਤੇ ਹੀ ਹੋਣ ਵਾਲੀ ਗੱਲ ਸੀ—ਦੱਸ ਕਿਥੋਂ ਖਾਂਦੇ—ਇਥੇ ਕਿਹੜਾ ਸਾਲਾ ਇੰਡੀਆ ਬਈ ਖੇਤਾਂ 'ਚੋਂ ਦਾਣੇ ਆ ਜਾਣੇ ਤੇ ਲੂਣ ਮਿਰਚ ਨਾਲ ਔਖੇ ਸੌਖੇ ਸਰ ਜਾਊ ਜਾਂ ਆਪਦਾ ਹੋਊ ਭਾਵੇਂ ਕੱਚਾ ਹੀ ਘਰ ਹੋਊ, ਰਹੀ ਜਾਵਾਂਗੇ।" ਤੇ ਨੇਕ ਦੀ ਇਸ ਕਹਾਣੀ ਚੋਂ ਉਹਨੂੰ ਆਪਣਾ ਦਰਦ ਫੁੱਟਦਾ ਦਿਸਿਆ ਸੀ। ਦੂਜੀ ਗੱਲ ਜਿਸ ਕਰਕੇ ਉਹਨੂੰ ਨੇਕ ਦੀ ਹਮਦਰਦੀ ਸੀ ਉਹ ਦੇਵ ਦੀ ਆਪ ਬੀਤੀ ਦਾ ਪਿਛੋਕੜ। ਜਦੋਂ ਉਹ ਮਿਲ ਵਿਚ ਪਹਿਲਾਂ ਪਹਿਲਾਂ ਕੰਮ ਤੇ ਲੱਗਾ ਸੀ ਤਾਂ ਜ਼ਿਆਦਾ ਵਾਹ ਉਹਦਾ ਚੇਨ ਤੇ ਕੰਮ ਕਰਦੇ ਆਪਣੇ ਹੀ ਪੰਜਾਬੀਆਂ ਨਾਲ ਪਿਆ ਸੀ। ਫੱਟੇ ਖਿਚਣ ਨੇਕ ਸਭ ਤੋਂ ਪਿਛਲੇ ਪਾਸੇ ਲਾਇਆ ਗਿਆ ਸੀ। ਮੂਹਰੇ ਕੰਮ ਕਰਦੇ ਆਪਣੇ ਹੀ ਬੰਦੇ ਜਾਣ ਬੁਝ ਕੇ ਆਪਦਾ ਫੱਟਾ ਨਾ ਖਿਚਦੇ। ਦੇਵ ਕੋਲ ਪਹੁੰਚਦਾ ਤਾਂ ਆਖ ਦਿੰਦੇ "ਚੁੱਕ ਲਈਂ ਜਵਾਨਾ ਇਹ ਵੀ ਤੇਰਾ ਈ ਆ" ਪਹਿਲਾਂ ਪਹਿਲ ਉਹਨੂੰ ਬੜਾ ਗੁੱਸਾ ਆਇਆ ਕਿ ਪੁਛਾਂ ਬਈ ਇਹ ਸਾਰੇ ਮੇਰੇ ਈ ਆ ਤੁਹਾਡਾ ਕੋਈ ਨਹੀਂ। ਪਰ ਉਹਨੇ ਗੁੱਸੇ ਦੇ ਪਿਆਲੇ ਨੂੰ ਮਜਬੂਰੀ ਦੀਆਂ ਘੁੱਟਾਂ ਨਾਲ ਪੀ ਲਿਆ। ਉਹ ਅਜੇ ਨਵਾਂ ਨਵਾਂ ਸੀ। ਉਹਨੇ ਸੁਣਿਆ ਸੀ ਕਿ ਆਪਣੇ ਹੀ ਲੋਕ ਨਾ ਜਾਣਦੇ ਨੂੰ ਤੰਗ ਕਰਕੇ ਭਜਾ ਦਿੰਦੇ ਹਨ ਤਾਂ ਕਿ ਆਪਦਾ ਕੋਈ ਸਕਾ ਜਾਂ ਰਿਸ਼ਤੇਦਾਰ ਕੰਮ ਤੇ ਲਵਾ ਲੈਣ। ਦੇਵ ਵੀ ਸ਼ਾਇਦ ਦੌੜ ਜਾਂਦਾ ਜੇ ਉਹਨੂੰ ਬਾਪੂ ਬਿਸ਼ਨੇ ਵਰਗਾ ਮਦਦਗਾਰ ਤੇ ਹਮਦਰਦ ਨਾ ਮਿਲਿਆ ਹੁੰਦਾ।

ਸੱਠਾਂ ਨੂੰ ਢੁੱਕਦਿਆਂ ਹੋਣ ਕਰਕੇ ਬਿਸ਼ਨੇ ਨੂੰ ਨਾਲ ਕੰਮ ਕਰਨ ਵਾਲੇ ਬਾਪੂ ਕਹਿ ਕੇ ਬਲਾਉਂਦੇ ਸੀ। ਦੇਵ ਵੀ ਉਹਨੂੰ ਬਾਪੂ ਹੀ ਆਖਣ ਲੱਗ ਪਿਆ ਪਹਿਲੇ ਦਿਨੀਂ ਅਨਜਾਣ ਹੋਣ ਕਰਕੇ ਇਕ ਦਿਨ ਦੇਵ ਥਕ ਕੇ ਬਾਪੂ ਨੂੰ ਪੁੱਛਣ ਲੱਗਾ।

"ਬਾਪੂ ਆਹ ਫੱਟੇ ਸਹੁਰੇ ਅਜੇ ਕਿੰਨੇ ਕੁ ਆਉਣੇ ?"

ਫੱਟਿਆਂ ਦਾ ਪੁੱਛਣ ਤੋਂ ਉਹਦਾ ਭਾਵ ਸੀ ਕਿ ਸ਼ਾਇਦ ਫੱਟੇ ਖਿਚਣੇ ਬੰਦ ਹੋ ਜਾਣ ਤੇ ਹੋਰ ਕੋਈ ਕੰਮ ਕਰਨਾ ਹੋਵੇ। ਪਰ ਉਹਨੂੰ ਪਤਾ ਨਹੀਂ ਸੀ ਕਿ ਅੱਠੇ ਘੰਟੇ ਇਹੀ ਕੰਮ ਕਰਨਾ ਹੈ।

"ਜੁਆਨਾ ਪੱਚੀਆਂ ਸਾਲਾਂ ਦਾ ਸੀ ਜਦੋਂ ਮੈਂ ਖਿਚਣੇ ਸ਼ੁਰੂ ਕੀਤੇ। ਤੀਹ ਸਾਲ ਮੁੱਕ ਗਏ ਪਰ ਇਹ ਅਜੇ ਮੁੱਕੇ ਨਹੀਂ।"

ਬਿਸ਼ਨੇ ਦੀ ਟਕੋਰ ਸੁਣ ਕੇ ਦੇਵ ਹੱਸ ਪਿਆ। ਬਿਸ਼ਨਾ ਸਮਝਦਾ ਸੀ ਕਿ ਮੁੰਡਾ ਅਜੇ ਉਸ ਅਲਕ ਵਹਿੜਕੇ ਵਰਗਾ ਜਿਹਦੇ ਅਜੇ ਕੰਨ੍ਹਾਂ ਨ ਹੀਂ ਪਿਆ ਜਦੋਂ ਕੰਨ੍ਹਾਂ ਪੈ ਗਿਆ ਆਪੇ ਹੌਲੀ ਹੌਲੀ ਖੇਪਿਆਂ ਵਾਲੀ ਚਾਲੇ ਆ ਪਊ। ਕਦੀ ਕਦੀ ਦੇਵ ਨੂੰ ਕੰਮ ਤੋਂ ਓਦਰਿਆ ਦੇਖ ਉਹ ਕਹਿ ਦਿੰਦਾ—

"ਹੌਂਸਲਾ ਰੱਖ ਓਏ ਗਭਰੂਆ, ਜਦੋਂ ਅਸੀਂ ਤੇਰੀ ਉਮਰ ਦੇ ਸੀ ਫੱਟਾ ਚੇਨ ਤੋਂ ਅੱਖ ਮਾਰ ਕੇ ਹੇਠਾਂ ਸੁੱਟ ਦਿੰਦੇ ਸੀ।" ਦੇਵ ਬਾਪੂ ਬਿਸ਼ਨੇ ਦੀ ਗੱਲ ਤੇ ਹੱਸ ਵੀ ਪੈਂਦਾ ਤੇ ਸੋਚਦਾ ਵੀ ਕਿ ਢਲਦੀ ਉਮਰੇ ਬਿਸ਼ਨਾ ਮੁੰਡਿਆਂ ਤੋਂ ਵੱਧ ਕਮਾਲ ਕਰੀ ਜਾਂਦਾ, ਜਵਾਨੀ ਵੇਲੇ ਤਾਂ ਜ਼ਰੂਰ ਅੱਡੀ ਨਾਲ ਪਤਾਸਾ ਭੰਨਦਾ ਹੋਊ।

ਥੋੜੇ ਦਿਨਾਂ ਵਿਚ ਹੀ ਉਹ ਦੋਵੇਂ ਗੱਲਾਂ ਬਾਤਾਂ 'ਚ ਰਚ ਮਿਚ ਗਏ। ਬਾਪੂ ਬਿਸ਼ਨੇ ਨੇ ਫੋਰਮੈਨ ਨੂੰ ਕਹਿ ਕੇ ਦੇਵ ਨੂੰ ਆਪਣੇ ਤੋਂ ਅੱਗੇ ਫੱਟੇ ਖਿਚਣ ਲਾ ਲਿਆ। ਦੇਵ ਤੋਂ ਕੋਈ ਫੱਟਾ ਨਾ ਖਿਚ ਹੁੰਦਾ ਤਾਂ ਬਿਸ਼ਨਾ ਆਖ ਦਿੰਦਾ—

"ਆਉਣ ਦਈਂ ਓਏ ਗਭਰੂਆ ਮੇਰੇ ਤਾਈਂ।"

ਲੰਚ ਵੇਲੇ ਉਹ ਗੱਲਾਂ ਬਾਤਾਂ 'ਚ ਹੱਸਦੇ ਟਕੋਰਾਂ ਲਾਉਂਦੇ ਦੁਖ ਸੁਖ ਫੋਲਦੇ ਰਹਿੰਦੇ।

"ਅਸੀਂ ਤਾਂ ਜੁਆਨਾ ਜੁਆਨੀ ਵੇਲੇ ਦੋ ਘੁਮਾਂ ਜ਼ਮੀਨ ਦਿਨੇਂ ਵਾਹ ਕੇ ਰਾਤੀਂ ਨਕਲਾਂ ਦੇਖ ਕੇ ਤੜਕੇ ਫਿਰ ਹਲ ਆ ਜੋੜੀਦਾ ਸੀ ਤੂੰ ਤਾਂ ਐਵੇਂ ਜਵਾਨੀ ਦੀ ਲਿੱਦ ਈ ਕਰ ਛੱਡੀ ਆ।"

ਫਿਰ ਕੁੜੀਆਂ ਚਿੜੀਆਂ ਦੀਆਂ ਗੱਲਾਂ ਦੇਵ ਤੋਂ ਪੁੱਛਦਾ ਉਹ ਆਪਣੀ ਜਵਾਨੀ ਦਾ ਕਿੱਸਾ ਛੇੜ ਬਹਿੰਦਾ—

"ਤੇਰੀ ਉਮਰੇ ਜੁਆਨਾ ਸਾਡਾ ਇਸ਼ਕ ਲਾਗਲੇ ਪਿੰਡ ਦੇ ਗਾਮੂੰ ਘੁਮਿਆਰ ਦੀ ਕੁੜੀ ਸਲਮਾਂ ਨਾਲ ਹੋ ਗਿਆ। ਖੋਤੇ ਤੇ ਭਾਂਡੇ ਲੱਦ ਕੇ ਸਾਡੇ ਪਿੰਡ ਵੇਚਣ ਆਈ ਸੀ। ਮੈਂ ਆਪਦੇ ਚਾਚੇ ਦੇ ਹੁੱਕੇ ਲਈ ਚਿਲਮ ਖਰੀਦਣ ਗਿਆ ਸੀ। ਸੁਰਾਹੀ ਦੇ ਗਲ ਵਰਗੀ ਲੰਮੀ ਧੌਣ, ਪਿਲ੍ਹੇ ਕੁੱਜੇ ਵਰਗਾ ਰੰਗ, ਘੜੇ 'ਤੇ ਛਾਪੇ ਮੋਰ ਵਾਂਗ ਮੇਹਲਦੀ ਸਾਡੇ ਦਿਲ ਤੇ ਪੈਲਾਂ ਪਾਉਣ ਲਗ ਪਈ।

ਫਿਰ ਉਹਨੇ ਹਉਕਾ ਜਿਹਾ ਲਿਆ ਤੇ ਚੁੱਪ ਕਰ ਗਿਆ।

"ਫਿਰ ਬਾਪੂ ?"

ਬਾਪੂ ਲਫਜ਼ ਸੁਣ ਕੇ ਅਤੇ ਦੇਵ ਦੇ ਮੂੰਹ ਤੇ ਹੱਸਦੀਆਂ ਮੁਸਕੜੀਆਂ 'ਚੋਂ ਬਿਸ਼ਨੇ ਨੂੰ ਜਿਵੇਂ ਸੰਗ ਜਿਹੀ ਮਹਿਸੂਸ ਹੋਈ। ਉਹਨੇ ਸੋਚਿਆ ਕਿ ਆਪਣੇ ਮੁੰਡਿਆਂ ਦੀ ਉਮਰ ਦੇ ਗਭਰੂ ਕੋਲ ਗੱਲ ਕਰ ਦਿੱਤੀ ਕਿਤੇ ਬੁੱਢੇ ਵਾਰੇ ਹੋਰਨਾ ਕੋਲ ਮਖੌਲ ਹੀ ਨਾ ਉਡਾਵੇ।

ਫਿਰ ਉਹ ਦੇਵ ਦੇ ਜ਼ੋਰ ਦੇਣ ਤੇ ਵੀ 'ਫਿਰ ਸਹੀ' ਦਾ ਲਾਰਾ ਲਾ ਗਿਆ

"ਆਹ ਯਾਰ ਦੇਵ ਇਕ ਹੋਰ ਫੱਟਾ ਫੜੀਂ।"

ਮੁੜ੍ਹਕਿਓ ਮੁੜ੍ਹਕੀ ਹੋਏ ਨੇਕ ਨੇ ਦੇਵ ਨੂੰ ਆਖਿਆ ਹੀ ਸੀ ਕਿ ਲੰਚ ਟਾਈਮ ਦੀ ਵਿਸਲ ਵੱਜ ਗਈ। ਫੇਰ ਹੱਥੋਂ ਛੱਡ ਉਹਨੇ ਲੰਚ ਕਿਟ ਚੁਕੀ ਅਤੇ ਲੱਕੜਾਂ ਤੇ ਜਾ ਬੈਠਾ। ਰੋਟੀ ਖਾਣ ਤੋਂ ਬਾਅਦ ਥਕਾਵਟ ਹੋਣ ਕਰਕੇ ਉਹਨੇ ਲਕੜਾਂ ਨਾਲ ਢੋ ਲਾ ਲਈ। ਕਮੀਜ਼ ਦੀ ਜੇਬ ਚੋਂ ਕੱਢ ਕੇ ਉਹਨੇ ਕੱਲ੍ਹ ਆਈ ਮਾਂ ਦੀ ਚਿੱਠੀ ਫਿਰ ਪੜ੍ਹਨੀ ਸ਼ੁਰੂ ਕੀਤੀ।

"ਛੋਟੀ ਦੇਬੋ ਲਈ ਬੜੇ ਤਕੜੇ ਘਰ ਦਾ ਰਿਸ਼ਤਾ ਮਿਲਦਾ। ਮੁੰਡੇ ਵਾਲੇ ਵਿਆਹ ਅੱਸੂ ਦਾ ਮੰਗਦੇ ਆ। ਕੈਨੇਡਾ ਦਾ ਕਰਕੇ ਵੱਜ ਬਹੁਤ ਆ ਏਸੇ ਕਰਕੇ ਏਡੇ ਤਕੜੇ ਥਾਂ ਰਿਸ਼ਤਾ ਹੁੰਦਾ। ਵੱਡੀ ਸੁੱਖੀ ਦਾ ਵਿਆਹ ਜਿਵੇਂ ਤੂੰ ਕੈਨੇਡਾ ਬੈਠੇ ਨੇ ਹੀ ਠੋਕ ਕੇ ਕੀਤਾ ਸੀ ਦੂਜੀ ਦਾ ਵੀ ਏਦਾਂ ਈ ਕਰਨਾ। ਵਿਆਹ ਤੂੰ ਆਪ ਆ ਕੇ ਕਰੀਂ। ਨਾਲੇ ਪੁੱਤ ਮੈਂ ਬੇਰੀ ਵਾਲੇ ਸ਼ਹੀਦਾਂ ਦੇ ਤੇਰੀ ਸੁੱਖ ਸੁਖੀ ਸੀ ਕਿ ਜਦੋਂ ਤੇਰਾ ਵਿਆਹ ਹੋਊ ਮੈਂ ਵਾਜੇ ਨਾਲ ਜੋੜੀ ਬੰਨ੍ਹੇ ਹੱਥੀਂ ਮੱਥਾ ਟਿਕਾਉਣ ਲਿਆਊਂ। ਤੇਰਾ ਵਿਆਹ ਤੇ ਕੈਨੇਡਾ ਹੋਇਆ ਹੁਣ ਤੂੰ ਤੇ ਬਹੂ ਦੋਨੋਂ ਆਇਓ। ਨਾਲੇ ਪੁੰਨ ਤੇ ਨਾਲੇ ਫਲੀਆਂ ਤੇਰੀ ਵੀ ਸੁੱਖ ਪੂਰੀ ਹੋ ਜਾਊ ਤੇ ਨਾਲੇ ਦੇਬੋ ਦਾ ਵਿਆਹ ਹੋ ਜਾਊ।"

ਭਾਵੇਂ ਚਿੱਠੀ ਵਿਚ ਮਾਂ ਨੇ ਆਪਦੀ ਸਿਹਤ ਬਾਰੇ ਕੁਝ ਨਹੀਂ ਲਿਖਿਆ ਸੀ ਪਰ ਪਿਛਲੇ ਹਫਤੇ ਦੇਵ ਨੂੰ ਮਾਮੇ ਦੀ ਮਿਲੀ ਚਿੱਠੀ ਤੋਂ ਪਤਾ ਸੀ। ਮਾਂ ਨੇ ਸ਼ਾਇਦ ਬੀਮਾਰ ਹੋਣ ਦਾ ਤਾਂ ਨਹੀਂ ਲਿਖਿਆ ਕਿ ਦੇਵ ਫਿਕਰ ਨਾ ਕਰੇ। ਮਾਮੇ ਦੀ ਚਿੱਠੀ ਪੜ੍ਹਕੇ ਉਹਨੂੰ ਮਾਂ ਮੌਤ ਦੇ ਬਿਸਤਰੇ ਵੱਲ ਜਾਂਦੀ ਨਜ਼ਰ ਆਈ ਸੀ। ਕੈਂਸਰ ਦੇ ਇਲਾਜ ਲਈ ਉਹ ਦੋ ਵਾਰ ਹਸਪਤਾਲ ਰਹਿ ਆਈ ਸੀ। ਦੇਵ ਆਪ ਇੰਡੀਆ ਜਾਣਾ ਚਾਹੁੰਦਾ ਸੀ ਇਕ ਤਾਂ ਇਸ ਲਈ ਕਿ ਮਾਂ ਦਾ ਇਲਾਜ ਕਿਸੇ ਚੰਗੇ ਹਸਪਤਾਲ ਕਰਵਾਏ ਤੇ ਦੂਜਾ ਭੈਣ ਦੇ ਹੱਥ ਪੀਲੇ ਕਰ ਆਵੇ। ਉਹਨੂੰ ਇੰਡੀਆ ਤੋਂ ਆਏ ਨੂੰ ਪੰਜ ਸਾਲ ਗੁਜ਼ਰ ਗਏ ਸੀ। ਉਹਨੇ ਤੇ ਉਹਦੀ ਪਤਨੀ ਨੇ ਦਿਨ ਰਾਤ ਇਕ ਕਰਕੇ ਬਹੁਤ ਕੰਮ ਕੀਤਾ। ਭੈਣ ਦੇ ਵਿਆਹ ਲਈ ਉਹਨੇ ਇੰਡੀਆ ਪੈਸੇ ਪਾਏ। ਮਾਂ ਦੇ ਇਲਾਜ ਲਈ ਵੀ ਮਾਮੇ ਨੂੰ ਪੈਸੇ ਪਾਉਂਦਾ ਰਿਹਾ। ਥੋੜੇ ਜਿਹੇ ਪੈਸੇ ਜੋੜ ਕੇ ਉਹਨੇ ਰਹਿਣ ਲਈ ਘਰ ਲੈ ਲਿਆ। ਮਾਰਗੇਜ਼ ਦੇ ਰੇਟ ਵਧਣ ਨਾਲ ਘਰ ਦੀ ਕਿਸ਼ਤ ਵਧ ਗਈ। ਆਪਣੀ ਅਤੇ ਘਰ ਵਾਲੀ ਦੀ ਤਨਖਾਹ 'ਚੋਂ ਕਿਸ਼ਤ ਅਤੇ ਬਿੱਲ ਬੱਤੀਆਂ ਤਾਰ ਕੇ ਖਾਣ ਪੀਣ ਮਸਾਂ ਚਲਦਾ। ਹੁਣ ਉਹ ਆਪ ਘਰ ਦੀ ਬੇਸਮੈਂਟ ਵਿਚ ਰਹਿਣ ਲਗ ਪਏ ਅਤੇ ਉਪਰੋਂ ਘਰ ਕਿਰਾਏ ਤੇ ਦੇ ਦਿੱਤਾ। ਉਹਨੇ ਹਿਸਾਬ ਲਾਇਆ ਸੀ ਕਿ ਕੰਮ ਚਲਦਾ ਰਿਹਾ ਤਾਂ ਪੰਜ ਕੁ ਮਹੀਨੇ 'ਚ ਕੁਝ ਰਕਮ ਜੋੜ ਕੇ ਇੰਡੀਆ ਜਾਊਗਾ। ਪਰ ਸਵੇਰੇ ਉਡੀ ਅਫਵਾਹ ਨੇ ਉਹਦੀਆਂ ਸਧਰਾਂ ਨੂੰ ਜਿਉਂ ਖੋਖਲਾ ਕਰ ਦਿੱਤਾ ਹੋਵੇ। ਉਹ ਬੈਠਾ ਸੋਚਦਾ ਹੀ ਸੀ ਕਿ ਬਾਪੂ ਬਿਸ਼ਨਾ ਆ ਗਿਆ। ਬਾਪੂ ਨੇ ਦੇਵ ਦਾ ਹਾਲ ਚਾਲ ਪੁਛਿਆ। ਅੱਜ ਕਿੰਨੇ ਦਿਨਾਂ ਬਾਅਦ ਦਿਲ 'ਚ ਡੱਕੇ ਦਰਦਾਂ ਦਾ ਉਹਨੇ ਬੂਹਾ ਖੋਲ੍ਹ ਦਿੱਤਾ। ਇੰਡੀਆ ਜਾਣ ਬਾਰੇ ਸੁਣ ਕੇ ਬਿਸ਼ਨੇ ਦੇ ਚਿਹਰੇ ਤੇ ਰੌਣਕ ਆ ਗਈ।

"ਛੱਡ ਓਏ ਮੁੰਡਿਆ ਸ਼ਿਫਟ ਬੰਦ ਕਰਨ ਦੀਆਂ ਅਫਵਾਹਾਂ ਦੀ ਗੱਲ, ਚੱਲ ਤੂੰ ਇੰਡੀਆ ਚੱਲ। ਮੇਰਾ ਸਾਥ ਕਰ—ਚੱਲ ਕੱਲ੍ਹ ਨੂੰ ਬੈਂਕ 'ਚੋਂ ਚੁੱਕ ਦਿਨਾਂ ਪੈਸੇ। ਆ ਕੇ ਕੰਮ ਕਰਕੇ ਮੈਨੂੰ ਇੰਡੀਆ ਪਾ ਦਈਂ।" ਫਿਰ ਉਹ ਲਾਗੇ ਹੁੰਦਾ ਬੋਲਿਆ—

"ਸੁਣ, ਹੁਣੇਂ ਦਫਤਰੋਂ ਆਇਆਂ। ਮਿਲ੍ਹ ਵਾਲਿਆਂ ਨੂੰ ਦੇ ਦਿੱਤੀ ਡਾਕਟਰਾਂ ਦੀ ਚਿੱਠੀ। ਦੋ ਦਿਨ ਹੋਰ ਕੰਮ ਕਰਨਾ ਮਗਰਲੇ ਦੋ ਦਿਨ ਤਿਆਰੀ ਬਿਆਰੀ ਕਰਨੀ ਤੇ ਚੌਦਾਂ ਤਰੀਕ ਦੀ ਸੀਟ ਬੁੱਕ ਅੱਜੇ ਕਰਾ ਤੀ ਆ।"

ਉਹ ਮੂੰਹ ਅੱਗੇ ਹੱਥ ਰੱਖਦਾ ਖੰਘਣ ਲੱਗ ਪਿਆ। ਉਹਨੂੰ ਉੱਥੂ ਆ ਗਿਆ। ਸਾਹ ਲੈ ਕੇ ਉਹ ਫਿਰ ਬੋਲਿਆ—

"ਜਵਾਨਾ ਇਥੇ ਰਿਸ਼ਤੇਦਾਰ ਭੈਣ ਭਾਈ ਸਭ ਸਾਲੇ ਪੈਸੇ ਦੇ ਆ। ਸਾਰੀ ਉਮਰ ਮੈਂ ਕੰਮ ਕਰਦਾ ਰਿਹਾਂ। ਕਮਾ ਕੇ ਘਰ ਦਿੰਦਾ ਰਿਹਾਂ। ਘਰ ਹੁਣ ਖੰਘਦਾਂ ਤਾਂ ਮੁੰਡੇ ਕਹਿ ਦਿੰਦੇ ਬਾਪੂ ਨੂੰ ਬਿਮਾਰੀ ਆ, ਥੱਲੇ ਬੇਸਮੈਂਟ 'ਚ ਹੀ ਰਹੇ। ਪੁਛੋ ਬਈ ਸਹੁਰੀ ਦਿਓ ਮੇਰੇ ਵੱਸ ਆ ਬੀਮਾਰੀ। ਸਭ ਸੋਚ ਕੇ ਚਲੇ ਜਾਣਾਂ ਹੁਣ—ਬੱਸ ਖੂਹ ਤੇ ਜਾ ਕੇ ਕੋਠਾ ਪਾ ਲੈਣਾਂ, ਤੂਤਾਂ ਦੀ ਛਾਵੇਂ ਹੀਰ ਗਾਇਆ ਕਰੂੰ। ਆਪਣਾ ਮੁਲਕ ਆਪਣਾ ਹੀ ਹੁੰਦਾ ਗਭਰੂਆ", ਫਿਰ ਉਹਦੀਆਂ ਅੱਖਾਂ 'ਚ ਪਾਣੀ ਭਰ ਆਇਆ।

"ਨਾਲੇ ਮੈਂ ਇੰਡੀਆ ਵੀ ਇਨ੍ਹਾਂ ਸਹੁਰਿਆਂ ਦਾ ਹੀ ਸੋਚਦਾਂ। ਕਹਿੰਦੇ ਇੰਡੀਆ ਸਰਕਾਰ ਨੇ ਕਾਨੂੰਨ ਬਣਾ ਤਾ ਬਈ ਬਾਹਰ ਵਾਲੇ ਆਪਦੀ ਜ਼ਮੀਨ ਦੇ ਮਾਲਕ ਨਹੀਂ ਰਹਿ ਸਕਦੇ। ਮੈਂ ਸੋਚਿਆ ਬਈ ਜਾਵਾਂ ਜ਼ਮੀਨ ਕਬਜੇ 'ਚ ਕਰਾਂ—ਇਥੇ ਦਾ ਕੀ ਪਤਾ ਗੋਰੇ ਕਦ ਕੱਢ ਦੇਣ। ਫਿਰ ਸਹੁਰੀ ਦੇ ਕਿਥੇ ਰਹਿਣਗੇ।"

ਦੇਵ ਨੇ ਥਰਮਸ 'ਚੋਂ ਕੱਪ 'ਚ ਚਾਹ ਪਾ ਕੇ ਬਾਪੂ ਬਿਸ਼ਨੇ ਵੱਲ ਕੱਪ ਵਧਾਇਆ।

"ਫੜ ਬਾਪੂ ਚਾਹ ਤੇ ਉਹ ਗਰਮ ਗਰਮ ਗੱਲਾਂ ਸੁਣਾ ਦੇ ਕਿਤੇ ਤੈਨੂੰ ਯਾਦ ਹੀ ਕਰਿਆ ਕਰਾਂਗੇ।"

ਬਿਸ਼ਨੇ ਨੇ ਨਾਂਹ ਨਾਂਹ ਕਰਦਿਆਂ ਕੱਪ ਫੜ ਲਿਆ। ਚਾਹ ਦਾ ਘੁੱਟ ਭਰਦਾ ਉਹ ਬੋਲਿਆ—

"ਕਿਹੜੀ ਗੱਲ ?"

"ਉਹੀ ਘੁਮਾਰੀ ਦੇ ਇਸ਼ਕ ਵਾਲੀ।"

"ਉਹ" ਬਿਸ਼ਨਾ ਮੁਸਕਰਾਇਆ ਤੇ ਫਿਰ ਆਖਣ ਲੱਗਾ—

"ਛੱਡ ਜੁਆਨਾ, ਤੂੰ ਕੀ ਲੈਣਾ ਬੁੱਢਿਆਂ ਦੀਆਂ ਗੱਲਾਂ 'ਚੋਂ।"

ਦੇਵ ਦੇ ਬਾਰ ਬਾਰ ਕਹਿਣ ਤੇ ਉਹ ਦੱਸਣ ਲਈ ਤਿਆਰ ਹੋ ਗਿਆ। ਇੰਡੀਆ ਨੂੰ ਜਾਣ ਕਰਕੇ ਹੁਣ ਸ਼ਾਇਦ ਉਹਨੂੰ ਇਹ ਡਰ ਨਹੀਂ ਸੀ ਰਿਹਾ ਕਿ ਮਿਲ ਵਿਚ ਗੱਲ ਫੈਲ ਗਈ ਤਾਂ ਲੋਕ ਉਹਦੀ ਜਵਾਨੀ ਨੂੰ ਬੁੱਢੀ ਜ਼ਿੰਦਗੀ 'ਚੋਂ ਕੱਢ ਕੇ ਮਖੌਲ ਉਡਾਉਣਗੇ।

"ਜੁਆਨਾ ਪਿਓ ਮੇਰਾ ਉਨ੍ਹਾਂ 'ਚੋਂ ਇਕ ਸੀ ਜਿਹੜੇ ਪਹਿਲਾਂ ਪਹਿਲਾਂ ਕਨੇਡਾ ਆਏ ਸੀ। ਮਗਰ ਚਾਚਾ ਮੇਰਾ ਘਰ ਦਾ ਮੁਖਤਿਆਰ ਸੀ। ਬੜਾ ਕੱਬਾ ਸੀ ਉਹ। ਪਤਾ ਲੱਗਣ ਤੇ ਉਹਨੇ ਪਸ਼ੂ ਹੱਕਣ ਵਾਲੀ ਪਰੈਣੀ ਮੈਨੂੰ ਕੁੱਟ ਕੁੱਟ ਤੋੜ ਦਿਤੀ। ਮੈਂ ਫਿਰ ਵੀ ਲੁਕ ਛੁਪ ਕੇ ਸਲਮਾਂ ਨੂੰ ਮਿਲ ਆਉਂਦਾ ਸੀ। ਮੇਰੇ ਪਿੰਡੇ ਤੇ ਪਈਆਂ ਲਾਸਾਂ ਦੇਖ ਕੇ ਉਹ ਗਲ ਲੱਗ ਕੇ ਰੋਈ ਸੀ। ਇਕ ਦਿਨ ਮੈਂ ਮਨ ਬਣਾਇਆ ਕਿ ਲੁਕ ਲੁਕ ਮਿਲਣ ਨਾਲੋਂ ਉਹਨੂੰ ਘਰੋਂ ਕੱਢ ਕੇ ਕਿਤੇ ਦੂਰ ਲੈ ਜਾਵਾਂ। ਮੈਂ ਸੋਚਿਆ ਉਹ ਭਾਂਡੇ ਥੱਪੀ ਜਾਊ ਮੈਂ ਪਿੰਡਾਂ 'ਚ ਜਾ ਕੇ ਖੋਤੀ ਤੇ ਲੱਦ ਵੇਚ ਆਇਆ ਕਰੂੰ। ਮੇਰੇ ਦਿਲ 'ਚ ਇਹੀ ਗੱਲ ਸੀ ਕਿ ਪਾਕਿਸਤਾਨ ਬਣਨ ਦਾ ਰੌਲਾ ਪੈ ਗਿਆ।

ਦਿਲ ਦੀਆਂ ਦਿਲ 'ਚ ਰਹਿ ਗਈਆਂ। ਖੂਨ ਖਰਾਬ ਸ਼ੁਰੂ ਹੋ ਗਿਆ। ਮੈਂ ਆਪਦੇ ਪੰਜ ਸੱਤ ਯਾਰਾਂ ਨੂੰ ਨਾਲ ਲੈ ਕੇ ਗਾਮੂੰ ਅਤੇ ਸਲਮਾ ਨੂੰ ਕੈਂਪ 'ਚ ਮਿਲਣ ਤੁਰ ਪਿਆ। ਰਾਹ 'ਚ ਮੁਸਲਮਾਨਾਂ ਨਾਲ ਸਾਡੀ ਖੜਕ ਪਈ। ਅਸੀਂ ਬਚਦੇ ਬਚਾਂਦੇ ਵੱਢੇ ਟੁੱਕੇ ਪਿੰਡ ਆ ਗਏ। ਮੇਰੇ ਚਾਚੇ ਨੂੰ ਪਤਾ ਲੱਗਾ ਤਾਂ ਉਹਨੇ ਪਿਉ ਨੂੰ ਲਿਖ ਦਿਤਾ। ਫਿਰ ਮੈਨੂੰ ਸਮੁੰਦਰੀ ਜਹਾਜ਼ ਤੇ ਚਾੜ੍ਹ ਕਨੇਡੇ ਭੇਜ ਦਿੱਤੋ।"

ਦੇਵ ਬੜੀ ਗਹੁ ਨਾਲ ਸੁਣ ਰਿਹਾ ਸੀ। ਕਦੀ ਕਦੀ "ਹੱਛਾ" ਆਖ ਦਿੰਦਾ ਤਾਂ ਕਿ ਬਿਸ਼ਨਾ ਗੱਲ ਦੀ ਲੜੀ ਤੋਰੀ ਰੱਖੇ।

ਫਿਰ ਬਿਸ਼ਨੇ ਨੇ ਦੱਸਿਆ ਕਿ ਉਹ ਇਕ ਵਾਰ ਇੰਡੀਆ ਗਿਆ। ਲਾਗਲੇ ਪਿੰਡ ਜੁਲਾਹਿਆਂ ਦਾ ਇਕ ਘਰ ਪਾਕਿਸਤਾਨ ਨਹੀਂ ਗਿਆ ਸੀ। ਉਹ ਘਰ ਦੀ ਨੂਰਾ ਜੁਲਾਹੀ ਪਾਕਿਸਤਾਨ ਜਾ ਕੇ ਆਈ ਸੀ। ਪੁਰਾਣਿਆਂ 'ਚੋਂ ਨੂਰਾਂ ਜਾਣਦੀ ਕਰਕੇ ਜਦੋਂ ਬਿਸ਼ਨਾ ਮਿਲਣ ਗਿਆ ਤਾਂ ਉਹਨੇ ਦੱਸਿਆ ਸੀ ਕਿ ਸਲਮਾ ਉਸੇ ਪਿੰਡ 'ਚ ਹੀ ਰਹਿੰਦੀ ਹੈ ਜਿਥੇ ਨੂਰਾਂ ਦੀ ਭਤੀਜੀ। ਬਾਪੂ ਬਿਸ਼ਨਾ ਪਾਕਿਸਤਾਨ ਜਾਣ ਲਈ ਤਿਆਰ ਸੀ ਕਿ ਦੋਹਾਂ ਦੇਸ਼ਾਂ ਦੀ ਲੜਾਈ ਲੱਗ ਪਈ। ਬਾਪੂ ਬਿਸ਼ਨਾ ਬੜਾ ਖੁਸ਼ ਹੋ ਕੇ ਬੋਲਿਆ, "ਨੂਰਾਂ ਤੋਂ ਮੇਰੀ ਖੈਰ ਸੁਖ ਪੁੱਛਦੀ ਸੀ ਸਲਮਾ। ਕੀ ਵਿਸਾਹ ਜ਼ਿੰਦਗੀ ਦਾ ਗਭਰੂਆ—ਉਹ ਆਪਦੇ ਥਾਂ ਖੁਸ਼ ਮੈਂ ਆਪਦੇ ਥਾਂ। ਪਰ ਜੀਅ ਕਰਦਾ ਮਰਨ ਤੋਂ ਪਹਿਲਾਂ ਇਕ ਵਾਰ ਉਹਨੂੰ ਜ਼ਰੂਰ ਦੇਖਣਾ ਕਿੱਦਾਂ ਦੀ ਹੋ ਗਈ ਉਹ ਹੁਣ। ਤੇ ਫਿਰ ਉਹ ਬੋਲਿਆ —

"ਆਹ ਤਾਂ ਲਹੌਰ ਆ। ਕਹਿੰਦੇ ਅੰਬਰਸਰੋਂ ਘੰਟਾ ਲੱਗਦਾ ਸਾਰਾ।"

ਲੰਚ ਟਾਈਮ ਖਤਮ ਹੋਣ ਦੀ ਵਿਸਲ ਵੱਜ ਗਈ ਤੇ ਬਾਪੂ ਬਿਸ਼ਨਾ 'ਹੱਛਾ ਫਿਰ ਮਿਲਦੇਂ' ਕਹਿ ਕੇ ਚਲਾ ਗਿਆ।

ਦੇਵ ਜਾ ਕੇ ਫੱਟੇ ਖਿਚਣ ਲੱਗ ਪਿਆ। ਉਹ ਸੋਚਦਾ ਰਿਹਾ ਕਿ ਉਹਦੇ ਵਾਂਗ ਬਾਪੂ ਬਿਸ਼ਨੇ ਦੀਆਂ ਵੀ ਕਿੰਨੀਆਂ ਸਧਰਾਂ ਹਨ। ਉਹਦੀਆਂ ਸੋਚਾਂ 'ਚੋਂ ਉਹਨੂੰ ਕਦੀ ਬੁੱਢੀ ਹੋਈ ਸਲਮਾ ਨੂੰ ਬੁੱਢਾ ਹੋਇਆ ਬਿਸ਼ਨਾ ਰੂਹ ਦੇ ਪਿਆਰ 'ਚੋਂ ਤੱਕਦਾ ਨਜ਼ਰ ਆਉਂਦਾ—ਕਦੀ ਮਹਿੰਦੀ ਲਗੀ ਆਪਣੀ ਭੈਣ—ਕਦੇ ਬੀਮਾਰੀ ਦੇ ਬਿਸਤਰੇ 'ਚੋਂ ਉਠ ਕੇ ਉਹਨੂੰ ਕਲਾਵੇ 'ਚ ਲੈਂਦੀ ਉਹਦੀ ਬੀਮਾਰ ਮਾਂ।

ਉਹਨੇ ਘੜੀ ਵੱਲ ਨਿਗਾਹ ਮਾਰੀ। ਕੌਫ਼ੀ ਟਾਈਮ ਹੋਣ 'ਚ ਕੁਝ ਕੁ ਮਿੰਟ ਰਹਿੰਦੇ ਸਨ। ਫੱਟਾ ਰਖਣ ਲੱਗੇ ਦਾ ਉਹਦਾ ਧਿਆਨ ਆਫਿਸ ਵਲੋਂ ਆਉਂਦੇ ਫੋਰਮੈਨ ਵੱਲ ਪਿਆ। ਹੱਥਾਂ 'ਚ ਫੜੇ ਕਾਗਜ਼ਾਂ ਤੇ ਨਿਗਾ ਪੈਂਦਿਆਂ ਹੀ ਉਹਦਾ ਮੱਥਾ ਠਣਕਿਆ ਕਿ ਇਹ ਲੇਅ-ਆਫ ਸਲਿਪਾਂ ਹਨ। ਉਹਨੇ ਅਜੇ ਚੇਨ ਤੋਂ ਖਿਚਣ ਲਈ ਫੱਟੇ ਨੂੰ ਹੱਥ ਹੀ ਪਾਇਆ ਸੀ ਕਿ ਰੌਲਾ ਜਿਹਾ ਸੁਣਾਈ ਦਿੱਤਾ ਅਤੇ ਚੇਨ ਖੜ ਗਈ। ਸਾਰੇ ਕਾਮੇ ਰੌਲੇ ਵਾਲੇ ਪਾਸੇ ਨੂੰ ਹੋ ਤੁਰੇ। ਫੋਰਮੈਨ ਤੁਰਿਆਂ ਜਾਂਦਿਆਂ 'ਚੋਂ ਕਈਆਂ ਦੇ ਨਾਂ ਪੜ੍ਹ ਕੇ ਸਲਿਪਾਂ ਦਈ ਜਾਂਦਾ ਸੀ। ਕਾਹਲੀ ਕਾਹਲੀ ਜਾਂਦਿਆਂ ਚੋਂ ਨੇਕ ਅਤੇ ਦੇਵ ਨੂੰ ਅਵਾਜ਼ ਮਾਰ ਕੇ ਫੋਰਮੈਨ ਨੇ ਲੇਅ-ਆਫ ਸਲਿਪਾਂ ਫੜਾ ਦਿੱਤੀਆਂ। ਦੋਨਾਂ ਦੀਆਂ ਉਦਾਸ ਅੱਖਾਂ ਇਕ ਦੂਜੇ ਦੇ ਉਦਾਸ ਚਿਹਰਿਆਂ ਤੇ ਗੱਡੀਆਂ ਗਈਆਂ।

ਮੀਂਹ ਦਾ ਤੇਜ਼ ਛਰਾਟਾ ਆਉਣ ਕਰਕੇ ਉਹ ਦੌੜ ਕੇ ਭੀੜ ਵੱਲ ਹੋਏ। ਉਨ੍ਹਾਂ ਨੇ ਸਮਝਾਇਆ ਕਿ ਸ਼ਾਇਦ ਕਿਸੇ ਕਾਮੇ ਦੇ ਸੱਟ ਲੱਗੀ ਹੋਵੇ। ਅੱਗੇ ਪਹੁੰਚੇ ਤਾਂ ਦੇਖਿਆ ਕਿ ਤਿੰਨ ਸਾਥੀ ਕਾਮੇ ਕਿਸੇ ਲਹੂ ਨਾਲ ਲੱਥ ਪੱਥ ਹੋਏ ਨੂੰ ਬਾਹਰ ਲਿਆ ਰਹੇ ਸਨ। ਕੋਲ ਖੜਿਆਂ 'ਚੋਂ ਇਕ ਗੋਰਾ ਕਾਮਾ ਦੱਸ ਰਿਹਾ ਸੀ ਕਿ ਆਰੇ 'ਚੋਂ ਲੱਕੜ ਦਾ ਫਸਿਆ ਟੁਕੜਾ ਕੱਢਣ ਲੱਗਿਆ ਦਸਤਾਨਾ ਫਸ ਜਾਣ ਨਾਲ ਮਿਸਟਰ ਸਿੰਘ ਅੰਦਰ ਵੱਲ ਧੂਇਆ ਗਿਆ। ਤਿੰਨਾਂ ਨੇ ਚੁੱਕੀ ਲਾਸ਼ ਹੇਠ ਰੱਖੀ। ਸਾਰੇ ਕਾਮੇ ਸਹਿਮੇਂ ਹੋਏ ਇਕ ਟੱਕ ਲਾਸ਼ ਵੱਲ ਦੇਖ ਰਹੇ ਸੀ। ਦੇਵ ਅਗਾਂਹ ਵਧਿਆ। ਲਾਸ਼ ਨੂੰ ਦੇਖ ਕੇ ਉਹਦੀ ਧਾਹ ਨਿਕਲ ਗਈ। ਉਹਦੀਆਂ ਅੱਖਾਂ 'ਚੋਂ ਹੰਝੂ ਕਿਰ ਪਏ। ਉਹਦੇ ਹੱਥ ਢਿੱਲੇ ਹੋ ਗਏ। ਢਿਲੇ ਹੱਥਾਂ 'ਚੋਂ ਡਿੱਗੀ ਲੇ-ਆਫ ਸਲਿਪ ਬਿਸ਼ਨੇ ਦੀ 'ਲਹੂ ਭਿੱਜੀ ਲਾਸ਼' ਕੋਲ ਪਈ ਸੀ।

ਸਾ ਹਿ ਤ ਦ ਰ ਪ ਣ

ਮਿਟੀ 'ਚ ਉੱਕਰੇ ਅੱਖਰ

ਚਰਨ ਸਿੰਘ

ਅੱਖਰ ਇਕ

ਉਹ ਜੋ ਮੱਖਣ ਸਿੰਘ
ਪਾਣੀ ਦੇ ਛੰਨੇ 'ਚੋਂ
ਸ਼ੇਰ ਤੇ ਗੁਰੂ ਨਾਨਕ ਵਿਖਾਂਦਾ ਸੀ
ਜਾਗਦੇ ਰਹੋ ! ਜਾਗਦੇ ਰਹੋ !
ਜਾਗਦੇ ਰਹੋ ਦੇ ਬੋਲ
ਘੁੱਪ ਹਨੇਰਿਆਂ ਅੰਨ੍ਹੀਆਂ ਗਲੀਆਂ
ਕੰਧਾਂ ਤੇ ਛੱਤਾਂ ਨੂੰ ਸੁਣਾਂਦਾ ਸੀ
ਮਰ ਗਿਆ ਹੈ

ਪਰ ਦੱਸ ਗਿਆ ਹੈ
ਜਾਚ ਗਲੀਆਂ ਨੂੰ ਜਾਗਣ ਦੀ
ਤੇ ਘਰਾਂ ਦਿਆਂ ਦਰਾਂ ਨੂੰ
ਸਾਧ ਚੋਰ ਪਹਿਚਾਨਣ ਦੀ
ਉਦੋਂ ਮੈਂ ਆਪਣੇ ਘਰ ਦੀ ਛੱਤੇ ਬੈਠਾ
ਆਪਣੀ ਮਾਂ ਦੀ ਸ਼ਕਲ ਹੰਢਾ ਰਿਹਾ ਸਾਂ
ਕਿ ਇਸ ਦੀ ਕੁੱਖ
ਮੇਰੀ ਸੰਨ੍ਹ ਲਈ ਮੁਨਾਸਿਬ ਹੈ ਜਾਂ ਨਹੀਂ

ਮੋਇਆ ਮੱਖਣ ਸਿੰਘ
ਗਲ 'ਚੋਂ ਪੁਕਾਰ ਰਿਹਾ ਸੀ
"ਕੁਝ ਘਰਾਂ ਦੇ ਦਰਵਾਜ਼ੇ,
ਖਿੜਕੀਆਂ ਤੇ ਰੋਸ਼ਨਦਾਨ
ਖੁਦ ਆਪਣੇ ਹੀ ਘਰਾਂ ਦੇ ਚੋਰ ਹਨ
ਚੋਰ ਕਿੱਥੇ ਹੋਰ ਹਨ ?"

ਉਹ ਚੌਂਕੀਦਾਰ ਦਸਦਾ ਸੀ
ਕਿ ਮਰਨ ਤੋਂ ਪਹਿਲਾਂ
ਮੈਂ ਏਨਾ ਭਾਰਾ ਨਹੀਂ ਸਾਂ
ਜਿਨਾਂ ਮਰਨ ਪਿਛੋਂ ਹਾਂ
ਮੈਂ ਰੁਪਏ ਤੇ ਪਾਈ ਹਾਂ
ਲਹੂ ਮਾਸ ਵਿਚ
ਸ਼ੇਰ ਤੋਂ ਸਰਸਾਹੀ ਹਾਂ

ਅੱਜ ਮੈਂ ਜਦੋਂ
ਕਈ ਸੌ ਵਰ੍ਹਿਆਂ ਪਿਛੋਂ
ਆਪਣੇ ਘਰ ਪਰਤਿਆ ਹਾਂ
ਤਾਂ
ਮੁਹੱਲੇ ਦੀਆਂ ਅਬਲ ! ਦੋਸ ! ਪਿਲੀਆਂ !!!
ਕਿਤੇ, ਕਿਤੇ.........
ਨਿੱਕੀਆਂ ਬਾਲੜੀਆਂ ਇੱਟਾਂ
ਦਿਨ ਦਿਹਾੜੇ ਪੁਕਾਰ ਰਹੀਆਂ ਸਨ

"ਮੱਖਣ ਸਿੰਘ ਜਾਗਦੇ ਰਹੋ
ਇਹ ਦਰ ਹੀ ਆਪਣੇ ਘਰਾਂ ਦੇ ਚੋਰ ਹਨ
ਚੋਰ ਕਿੱਥੇ ਹੋਰ ਹਨ"

ਉਹ ਜੋ ਮੱਖਣ ਸਿੰਘ
ਪਾਣੀ ਦੇ ਛੰਨੇ 'ਚੋਂ
ਸ਼ੇਰ ਤੇ ਗੁਰੂ ਨਾਨਕ ਵਿਖਾਂਦਾ ਸੀ
ਜਾਗਦੇ ਰਹੋ ! ਜਾਗਦੇ ਰਹੋ !
ਜਾਗਦੇ ਰਹੋ ਦੇ ਬੋਲ
ਘੁੱਪ ਹਨੇਰਿਆਂ ਅੰਨ੍ਹੀਆਂ ਗਲੀਆਂ
ਕੰਧਾਂ ਤੇ ਛੱਤਾਂ ਨੂੰ ਸੁਣਾਂਦਾ ਸੀ
ਮਰ ਗਿਆ ਹੈ ।

ਅੱਖਰ ਦੂਜਾ

ਮੈਂ ਪੁਲਾੜ 'ਚ ਉੱਡ ਰਿਹਾ ਪੰਛੀ
ਜਿਸਦੇ ਖੰਭਾਂ ਦੀ ਹਰਕਤ
ਆਪੇ ਤੋਂ ਆਪੇ ਤਕ
ਵਿਚਲੇ ਦੀ ਭਾਲ ਤੇਰੇ ਤੋਂ ਮੇਰੇ ਤਕ

ਮੇਰੇ ਪਰਾਂ ਦੀ ਥਰਥਰਾਹਟ
ਮੇਰੇ ਕੰਨੀ ਅਗੰਮੀ ਰਸ ਘੋਲਦੀ
ਹੋਂਦ ਮੇਰੀ ਬਾਂਸ ਦੀ ਪੋਰੀ ਵਾਂਗ
ਅਛੋਂਤੇ-ਅਕਾਸ਼ੀਂ
ਖੁਲਤਾ ਦੇ ਬੋਲ ਬੋਲਦੀ

ਧਰਤੀ ਤੇ ਮੇਰਾ ਪਰਛਾਵਾਂ
ਉੱਡਣ ਮੇਰੇ ਨਾਲ ਨਾਲ
ਕਿੰਨੀ ਇਕ ਸੁਰਤਾ ਹੈ
ਆਪੇ ਤੋਂ ਆਪੇ ਤਕ ਦੀ
ਮੈਂ ! ਜੀਭਾਂ, ਬੁੱਲ੍ਹ ਤੇ ਕੰਡੋਂ ਹੇਠਾਂ
ਆਪਣੀ ਇਕੱਲਤਾ ਦੀ ਰੌਣਕ ਵਿਚ
ਸਾਹਾਂ ਵਾਂਗੂੰ ਵੱਸ ਰਿਹਾ ਹਾਂ
ਰੋਸ਼ਨੀਆਂ ਦੇ ਨੈਣੀਂ ਬੈਠਾ
ਮਿਸ਼ਰੀ ਵਾਂਗੂੰ ਤਿੜਕ ;

ਤਿੜਕ ਕੇ ਹੱਸ ਰਿਹਾ ਹਾਂ
ਬੁਲ੍ਹਾਂ/ਤੇ ਬੁਲ੍ਹਾਂ ਦੀ ਸਰਿਸ਼ਟੀ
ਕੁਲ ਸਰਿਸ਼ਟੀ
ਮੇਰੀ ਇਕੱਲਤਾ ਵਿਚ ਸਿਮਟੀ
ਹੁਣ ਖੁਸ਼ੀ ਹੈ
ਖੁਸ਼ੀ ਦਾ ਕੋਈ ਗੀਤ ਨਹੀਂ ਹੈ

ਪਰਵਾਜ਼ ਮੇਰਾ ਪੁਲਾੜਾਂ ਦਾ ਹਿਸਾ
ਜਿਸਮ ਮੇਰਾ ਧਰਤੀ ਦੀ ਮਿਟੀ
ਮਿਟੀ ਜਿਹੀ ਕੋਈ ਸ਼ੈਅ ਨਾ ਡਿੱਠੀ
ਜਿਸ 'ਚੋਂ
ਮਿਤਰ, ਦੁਸ਼ਮਨ ਉਪੱਜੇ
ਗੁਲੇਲਾਂ, ਤੀਰ, ਬੰਦੂਕਾਂ, ਗੋਲੇ

ਸੱਚ, ਕੂੜ ਕੁਝ ਭੋਲੇ ਭਾਲੇ
ਚਤਰ ਸਿਆਣੇ
ਕੁਝ ਐਸੇ ਜੋ ਮੇਰੀ ਭੁੱਖ ਲਈ
ਪੈਲੀਆਂ ਵਾਂਗੂੰ, ਰੁੱਖਾਂ ਵਾਂਗੂੰ
ਮੱਕੀ ਬਾਜਰਾ ਕਣਕ ਦੇ ਦਾਣੇ

ਆਪੇ ਤੋਂ ਆਪੇ ਦੀ ਤ੍ਰਿਸ਼ਨਾਂ
ਤੇਰੇ ਤੋਂ ਮੇਰੇ ਦਾ ਪੈਂਡਾ
ਮੇਰੇ ਵਿਚ ਹੀ ਮੇਰਾ ਸਾਇਆ
ਧਰਤੀ ਵਿਚ ਹੀ ਥਾਲ ਗਗਨ ਦਾ
ਸਭ ਸੁੱਖ ਮਿਟੀ ਵਿਚ ਸਮਾਇਆ
ਇਹ ਮਿਟੀ ਪਰਵਾਜ਼ ਹੈ ਮੇਰਾ
ਇਸ ਮਿਟੀ ਦੀ ਮੇਰੀ ਕਾਇਆ

ਮੈਂ ਪੁਲਾੜ 'ਚ ਉੱਡ ਰਿਹਾ ਪੰਛੀ
ਜਿਸ ਦੇ ਖੰਭਾਂ ਦੀ ਹਰਕਤ
ਆਪੇ ਤੋਂ ਆਪੇ ਤੱਕ
ਵਿਚਲੇ ਦੀ ਭਾਲ ਤੇਰੇ ਤੋਂ ਮੇਰੇ ਤੱਕ

ਅੱਖਰ ਤੀਜਾ

ਉਹ ਜੋ ਕਵਿਤਾ ਕਹਿ
ਆਪਣੀ ਅਭਿਵਿਅਕਤੀ ਦੀ ਤ੍ਰਿਸ਼ਨਾ
ਤ੍ਰਿਪਤਾਂਦਾ ਸੀ
ਉਸ ਸੜਕ ਦੀ ਬੱਤੀ ਵਾਂਗੂੰ
ਸਾਰੀ ਰਾਤ ਜਗਣ ਦੇ ਪਿਛੋਂ
ਤੜਕ ਸਾਰ ਹੀ ਬੁਝ ਗਿਆ ਹੈ

ਪੀਲਾ ਫੱਕ ਸ਼ਹਿਰ ਦਾ ਚਿਹਰਾ
ਚਿੱਟੀਆਂ ਚਿੱਟੀਆਂ ਗਲੀਆਂ ਦੀਆਂ ਅੱਖਾਂ
ਖੁਲ੍ਹ ਗਈਆਂ ਸੜਕਾਂ ਦੀਆਂ ਗੁੱਤਾਂ
ਇਸ ਸ਼ਹਿਰ ਨੂੰ ਰੱਬ ਦੀਆਂ ਰੱਖਾਂ
ਇਕ ਹਵਾ ਦੇ ਬੁਲੇ ਨਾਲ
ਬਦਲ ਗਈਆਂ ਨੇ ਸੱਭੇ ਰੁੱਤਾਂ
ਤਪ ਗਈ ਹੈ ਸ਼ਹਿਰ ਦੀ ਧਰਤੀ
ਬੁੱਲ੍ਹ ਟੇਰਣ ਬਾਲੇ ਤੇ ਛੱਤਾਂ
ਇਕ ਦੂਜੀ ਦੇ ਗਲ ਲਗ ਰੋ ਰੋ
ਪਾਗਲ ਹੋਈਆਂ ਸ਼ਹਿਰੀ ਕੰਧਾਂ

ਸੋਗੀ ਸ਼ਹਿਰ
ਇਕੱਲਿਆਂ ਛੱਡ ਕੇ
ਹਰ ਬਸ਼ਰ ਹੀ ਆਪੋ-ਆਪਣੇ
ਕੰਮੀ-ਧੰਦੀਂ ਰੁੱਝਾ
ਸਿਖਰ ਦੁਪਿਹਰੇ ਮਤ ਸਹਿਰ ਦੀ
ਨੱਕ ਹਨੇਰਾ ਪੁੱਜਾ

ਹਰ ਇਕ ਇੱਟ ਨੇ
ਆਪਣੀ ਜੀਭਾ ਮਸਤਕ ਉੱਤੇ ਟੰਗੀ
ਗ਼ਮ ਦੇ ਝੱਲ 'ਚ
ਇਸ ਸ਼ਹਿਰ ਦੀ ਹੋਈ
ਉਦਾਸੀ ਨੰਗੀ

ਅਬਡ-ਵਾਹੇ
ਚਰਚਾ ਦੀ ਰੁੱਤ ਚੁੱਪ ਦੀ ਬੁਰਕੀ ਭੰਨੀ
ਸ਼ਹਿਰ ਇਝ
ਜਿਉਂ ਸਿੱਲ ਬਰਫ਼ ਦੀ
ਲੋਕ ਨਿਪੁੰਸਕ ਜਾਪਣ
ਬਟੂਏ ਵਿਚਲੇ ਸ਼ੀਸ਼ੇ ਵਿਚੋਂ
ਕੱਦ ਦਰਦ ਦਾ
ਪੀੜ ਸ਼ਹਿਰ ਦੀ ਮਾਪਣ

ਉਹ ਜੋ ਕਵਿਤਾ ਕਹਿ
ਆਪਣੀ ਅਭਿਵਿਅਕਤੀ ਦੀ ਤ੍ਰਿਸ਼ਨਾਂ
ਤ੍ਰਿਪਤਾਂਦਾ ਸੀ
ਉਸ ਸੜਕ ਦੀ ਬੱਤੀ ਵਾਂਗੂੰ
ਸਾਰੀ ਰਾਤ ਜਗਣ ਦੇ ਪਿਛੋਂ
ਤੜਕ ਸਾਰ ਹੀ ਬੁੱਝ ਗਿਆ ਹੈ ।

ਲੋਕ ਬੋਲੀਆਂ

ਮਹਿੰਦਰ ਸੂਮਲ ਵੈਨਕੂਵਰ

ਆਪਣੇ ਹੱਕ ਦੀ ਰਾਖੀ ਕਰ ਲਵੋ
ਵੱਜ ਗਏ ਢੋਲ ਨਗਾਰੇ
ਘਰ ਘਰ ਅੰਦਰ ਗੱਲਾਂ ਹੋਈਆਂ
ਲੋਕ ਵਿਲਕਦੇ ਸਾਰੇ
ਤੂੰ ਕੀਹਦੇ ਕੋਲੋਂ ਲਈਆਂ ਤਾਕਤਾਂ
ਦੱਸੀਂ ਖੋਲ੍ਹ ਕੇ ਜ਼ਰਾ ਸਰਕਾਰੇ
ਨੀ ਕੀਹਦੇ ਕੋਲੋਂ ਲਈਆਂ ਤਾਕਤਾਂ --

ਤੂੰ ਕਰ ਬੈਠੀ ਧੋਖੇ ਬਾਜ਼ੀ
ਦੇਕੇ ਝੂਠੇ ਲਾਰੇ ਨੀ ਸਰਕਾਰੇ
ਅਮਨ ਏਕਤਾ ਤੋੜਨ ਖਾਤਰ
ਵਹਿਸ਼ੀ ਸੋਚ ਖਿਲਾਰੇਂ
ਨੀ ਆਇਆ ਜੁਗ ਚਾਨਣਾ ਦਾ
ਤੇਰੇ ਫਟ ਜਾਣੇ ਝੂਠ ਦੇ ਗੁਬਾਰੇ
ਨੀ ਆਇਆ ਜੁਗ ਚਾਨਣਾਂ ਦਾ -----

ਬੰਬਾਂ ਵਾਲੇ ਬੰਬ ਬਣਾਉਂਦੇ
ਸੱਪ ਬਣਾਵੇ ਬਰ੍ਹਮੀ
ਇਕ ਦਾ ਕੰਮ ਤਾਂ ਜ਼ਹਿਰ ਉਗਲਣੀ
ਦੂਜੇ ਨੇ ਅੱਗ ਬਰ੍ਹਨੀ
ਸੱਚ ਕਦੇ ਨਾ ਜ਼ਖਮੀ ਹੋਣਾ
ਨਾ ਸੋਚ ਏਸ ਦੀ ਮਰਨੀ
ਤਪਦੀ ਧਰਤੀ ਤੇ ਠੰਡ ਲੋਕਤਾ ਕਰਨੀ
ਤਪਦੀ ਧਰਤੀ ਤੇ ----------
ਜ਼ੁਲਮ ਜਬਰ ਦੀ ਬਾਜ਼ੀ ਪਾਉਣੀ
ਆਖੇ ਇਹ ਜਰਵਾਣਾ
ਸ਼ਕਲ ਜਿਸ ਦੀ ਸੱਚ ਪਛਾਣੇ
ਕਾਬੂ ਉਸਤੇ ਪਾਉਣਾ
ਜੋਲੱਜ਼ਤਾਂ ਦੀ ਲਹਿਰ ਚਲਾਵੇ
ਜੰਦਰਾ ਮੂੰਹ ਤੇ ਲਾਉਣਾ
ਕੌਣ ਦੱਸੇ ਮੂਰਖ ਨੂੰ, ਚੰਦ ਨਹੀਂ
ਕਬਰਾਂ ਵਿਚ ਆਉਣਾ----------

ਪੰਜਾਬੀ ਮਾਰਕਿਟ ਵਿਚ 29 ਅਕਤੂਬਰ ਦਾ ਦਿਨ ਇਤਿਹਾਸਕ ਹੋਵੇਗਾ !

ਪੰਜਾਬੀ ਮਾਰਕਿਟ ਵਿਚ ਬੰਬੇ ਸਵੀਟ ਮੈਨੂਫੈਕਚਰਰ ਦੇ ਮਾਲਕ ਨਰੇਸ਼ ਸ਼ੁਕਲਾ ਐਂਡ ਬਰਦਰਜ਼ 29 ਅਕਤੂਬਰ ਨੂੰ ਇਕ ਇਤਿਹਾਸਕ ਦਿਹਾੜਾ ਬਣਾਉਣ ਲਈ ਪੂਰੀ ਤਨਦੇਹੀ ਨਾਲ ਕੰਮ ਕਰ ਰਹੇ ਹਨ ਤਾਂ ਕਿ ਪੰਜਾਬੀ ਮਾਰਕਿਟ ਦਾ ਨਾਂ ਹੋਰ ਵੀ ਉੱਚਾ ਹੋ ਸਕੇ ।

ਨਰੇਸ਼ ਸ਼ੁਕਲਾ ਹੋਰਾਂ ਦੱਸਿਆ ਕਿ ਪੰਜਾਬੀ ਮਾਰਕਿਟ ਵਿਚ ਯੂ ਟਾਈਪ ਦਾ ਕਾਊਂਟਰ ਬਣਾ ਕੇ ਮਠਿਆਈਆਂ ਨੂੰ ਸਜਾਇਆ ਜਾਵੇਗਾ । ਮੁਕੰਮਲ ਸਿਹਤਯਾਫ਼ਤਾ ਪ੍ਰਬੰਧ ਕੀਤੇ ਜਾਣਗੇ । ਦੂਜੇ ਵਿਚ ਖਾਣ ਤੇ ਪੀਣ ਦੇ ਪੂਰੇ ਪ੍ਰਬੰਧ ਹੋਣਗੇ । ਖਾਣ ਪੀਣ ਲਈ ਮੈਕਡਾਨਲਡ ਸਟਾਈਲ ਚਾਲੂ ਕੀਤਾ ਜਾ ਰਿਹਾ ਹੈ। ਬਾਰ (Bar) ਦਾ ਵੀ ਵਧੀਆ ਤਰੀਕੇ ਨਾਲ ਇੰਤਜ਼ਾਮ ਕੀਤਾ ਜਾ ਰਿਹਾ ਹੈ ।

ਜਾਪਦਾ ਹੈ ਕਿ ਨਰੇਸ਼ ਸ਼ੁਕਲਾ ਐਂਡ ਬਰਦਰਜ਼ ਪੰਜਾਬੀ ਮਾਰਕਿਟ ਦੇ ਨਾਂ ਨੂੰ ਹੋਰ ਵੀ ਚਾਰ ਚੰਨ ਲਗਾਉਣ ਲਈ ਤਤਪਰ ਹਨ ।

ਅਜਿਹੇ ਸਟੋਰਾਂ ਨਾਲ ਜਿਥੇ ਪੰਜਾਬੀ ਮਾਰਕਿਟ ਦੀ ਸ਼ਾਨ ਵਧੇਗੀ ਉਥੇ ਆਮ ਲੋਕਾਂ ਲਈ ਵਧੀਆ ਸਹੂਲਤਾਂ ਦਾ ਮੁਹੱਈਆ ਕੀਤੇ ਜਾਣਾ ਵੀ ਲੋਕਾਂ ਲਈ ਦਿਲਚਸਪੀ ਭਰਿਆ ਹੋਵੇਗਾ ।

ਅਜਿਹੇ ਪ੍ਰਬੰਧਾਂ ਲਈ ਨਰੇਸ਼ ਸ਼ੁਕਲਾ ਐਂਡ ਬਰਦਰਜ਼ ਵਧਾਈ ਦੇ ਪਾਤਰ ਹਨ ।

29 ਅਕਤੂਬਰ ਦੇ ਇਸ ਮਾਣ ਭਰੇ ਦਿਨ ਲਈ ਨਰੇਸ਼ ਸ਼ੁਕਲਾ ਐਂਡ ਬਰਦਰਜ਼ ਵਲੋਂ ਸਮੁੱਚੀ ਕਮਿਊਨਿਟੀ ਨੂੰ ਸੱਦਾ ਹੈ ਕਿ ਉਸ ਦਿਨ ਸਾਰਾ ਦਿਨ ਬੈਂਡ ਵਜੇਗਾ ਤੇ ਨਾਲ ਹੀ ਉਨ੍ਹਾਂ ਵਲੋਂ ਪੇਸ਼ ਕੀਤੀਆਂ ਜਾ ਰਹੀਆਂ ਨਵੀਆਂ ਆਈਟਮਾਂ ਨੂੰ ਮਾਨਣ ਲਈ ਪੰਜਾਬੀ ਮਾਰਕਿਟ ਵਿਚ ਬੰਬੇ ਸਵੀਟ ਮੈਨੂਫੈਕਚਰਰ ਦੇ ਪਹੁੰਚ ਕੇ ਲੁਤਫ਼ ਲਓ ।

ਅਬ ਯਹਾਂ ਦਿਲ ਕੋ ਜ਼ੁਬਾਂ ਕੋਈ ਨ ਸਮਝੇਗਾ ਬਸ਼ੀਰ
'ਗਾਲਿਬ' ਔਰ 'ਮੀਰ' ਕੇ ਅੰਦਾਜ਼ ਮੇਂ ਸੋਚਾ ਨ ਕਰੋ

ਖੇਡ ਦਰਪਣ

ਏਸ਼ੀਅਨ ਫੁਟਬਾਲ ਦੇ ਸਿਤਾਰੇ ਜਰਨੈਲ ਸਿੰਘ ਨਾਲ ਵੈਨਕੂਵਰ ਵਿਚ ਮੁਲਾਕਾਤ



ਜਰਨੈਲ ਸਿੰਘ, ਸੋਹਣ ਸੁਰਿੰਦਰ ਸੰਘਾ

(ਇਹ ਮੁਲਾਕਾਤ ਵਿਸ਼ੇਸ਼ 'ਕੈਨੇਡਾ ਦਰਪਣ' ਲਈ ਸ੍ਰੀ ਸੋਹਣ ਸੁਰਿੰਦਰ ਸੰਘਾ ਹੋਰਾਂ ਏਸ਼ੀਅਨ ਫੁੱਟਬਾਲ ਦੇ ਸਿਤਾਰੇ ਸ: ਜਰਨੈਲ ਸਿੰਘ ਨਾਲ ਮੰਗਲਵਾਰ 18 ਅਕਤੂਬਰ, 1983 ਨੂੰ ਵੈਨਕੂਵਰ ਵਿਚ ਕੀਤੀ। ਸ: ਜਰਨੈਲ ਸਿੰਘ ਇਸ ਸਮੇਂ ਡਾਇਰੈਕਟਰ ਸਪੋਰਟਸ ਪੰਜਾਬ ਹਨ ਤੇ ਅੱਜ ਕੱਲ੍ਹ ਪ੍ਰਾਈਵੇਟ ਦੌਰੇ ਤੇ ਵੈਨਕੂਵਰ ਆਏ ਹੋਏ ਹਨ। ਅਸੀਂ ਸ: ਜਰਨੈਲ ਸਿੰਘ ਤੇ ਸ੍ਰੀ ਸੰਘਾ ਜੀ ਦੇ ਵੀ ਇਸ ਮੁਲਾਕਾਤ ਲਈ ਧੰਨਵਾਦੀ ਹਾਂ)

ਸੰਘਾ — ਮੈਂ ਤੁਹਾਡੇ ਕੈਨੇਡਾ ਵਿਚ ਆਉਣ ਤੇ ਸੁਆਗਤ ਕਰਦਾ ਹਾਂ

ਵੋਹ ਆਏ ਹਮਾਰੇ ਘਰ ਖੁਦਾ ਕੀ ਕੁਦਰਤ ਹੈ
ਕਭੀ ਹਮ ਉਨ ਕੋ ਕਭੀ ਆਪਣੇ ਘਰ ਕੋ ਦੇਖਤੇ ਹੈਂ

ਦੂਜਾ ਮੈਂ ਤੁਹਾਡਾ ਸ਼ੁਕਰਗੁਜ਼ਾਰ ਹਾਂ ਜੋ ਤੁਸੀਂ ਰੁਝੇਵਿਆਂ ਭਰੀ ਜ਼ਿੰਦਗੀ ਚੋਂ ਕੁਝ ਸਮਾਂ ਕੱਢ ਕੇ ਦਰਸ਼ਨ ਦਿਤੇ। ਇਸ ਸਮੇਂ ਤੋਂ ਮੈਂ ਕੁਝ ਆਪਣੇ ਪਾਠਕਾਂ ਦੇ ਲਾਭ ਲਈ ਫਾਇਦਾ ਉਠਾਣਾ ਮੰਗਦਾ ਹਾਂ। ਇਹ ਹਰ ਕੋਈ ਜਾਣਦਾ ਹੈ ਕਿ ਤੁਸੀਂ ਏਸ਼ੀਆ ਦੀ ਫੁਟਬਾਲ Soccer ਟੀਮ ਦੀ ਕਪਤਾਨੀ ਕੀਤੀ। ਆਪ ਨੂੰ ਅਰਜਨ ਅਵਾਰਡ ਮਿਲਿਆ। ਕੀ ਤੁਸੀਂ ਵਿਸਥਾਰ ਨਾਲ ਦਸੋਗੇ ਕਿ ਆਪ ਨੇ ਫੁਟਬਾਲ ਭਾਵ Soccer ਕਿਥੋਂ ਤੇ ਕਦੋਂ ਖੇਲਣਾ ਸ਼ੁਰੂ ਕੀਤਾ।

ਜਰਨੈਲ — ਸਭ ਤੋਂ ਪਹਿਲਾਂ ਤਾਂ ਮੈਂ ਤੁਹਾਡਾ ਸ਼ੁਕਰਗੁਜ਼ਾਰ ਹਾਂ ਕਿ ਤੁਸੀਂ ਮੇਰਾ ਇਥੇ ਆਉਣ ਤੇ ਧੰਨਵਾਦ ਕੀਤਾ ਹੈ। ਮੇਰਾ ਇਹ official visit ਨਹੀਂ ਹੈ। ਮੈਂ ਆਪਣੇ ਭਰਾਵਾਂ, ਭੈਣਾਂ ਅਤੇ ਦੋਸਤਾਂ ਨੂੰ ਮਿਲਣ ਲਈ ਪ੍ਰਾਈਵੇਟ ਤੌਰ ਤੇ ਆਇਆ ਹਾਂ। ਜਿਥੋਂ ਤਕ ਖੇਲ ਦਾ ਤੁਅਲਕ ਹੈ ਮੈਂ ਬਚਪਨ ਤੋਂ ਹੀ ਖੇਲਦਾ ਆ ਰਿਹਾ ਹਾਂ। ਖਾਸ ਤੌਰ ਤੇ ਸਕੂਲਾਂ ਅਤੇ ਕਾਲਜਾਂ ਵਿਚ ਖਾਲਸਾ ਕਾਲਜ ਮਾਹਲਪੁਰ ਦਾ ਮੈਂ ਵਿਦਿਆਰਥੀ ਰਿਹਾ ਹਾਂ। ਖਾਲਸਾ ਕਾਲਜ ਮਾਹਲਪੁਰ ਵਿਚ ਚਾਰ ਸਾਲ ਰਹਿਣ ਵਿਚ ਮੈਂ ਫੁੱਟਬਾਲ ਅੱਛੀ ਤਰ੍ਹਾਂ ਸਿਖਣ ਦੀ ਕੋਸ਼ਿਸ਼ ਕੀਤੀ ਹੈ। ਮੈਂ ਸਮਝਦਾ ਹਾਂ ਕਿ ਮਾਹਲਪੁਰ ਕਾਲਜ ਦੀ ਇਹ ਮੈਨੂੰ ਦੇਣ ਹੈ ਕਿ ਮੈਂ ਫੁੱਟਬਾਲ ਵਿਚ ਚੰਗਾ ਰਿਹਾ ਹਾਂ, ਉਸ ਤੋਂ ਬਾਅਦ ਮੈਂ ਮਾਹਲਪੁਰ ਤੋਂ ਬੀ. ਏ. 1958 ਵਿਚ ਕੀਤੀ। ਉਸ ਤੋਂ ਮਗਰੋਂ ਮੈਂ ਕਲਕੱਤੇ ਚਲਾ ਗਿਆ। ਕਲਕੱਤੇ ਸਿਰਫ ਮੇਰੇ ਜਾਣ ਦਾ ਇਹੋ ਮਕਸਦ ਸੀ ਕਿ ਮੇਰੇ ਜਾਣ ਤੋਂ ਪਹਿਲਾਂ ਹਿੰਦੋਸਤਾਨ ਦੀ ਟੀਮ ਵਿਚ ਕਦੇ ਕੋਈ ਪੰਜਾਬੀ ਫੁੱਟਬਾਲ ਨਹੀਂ ਸੀ ਖੇਲਿਆ। ਮੈਂ ਕਲਕੱਤੇ ਇਸ ਕਰਕੇ ਗਿਆ ਕਿ ਕਲਕੱਤੇ ਦਾ ਫੁਟਬਾਲ ਹਿੰਦੁਸਤਾਨ ਵਿਚ ਬਹੁਤ ਜ਼ਿਆਦਾ popular ਫੁੱਟਬੌਲ ਸੀ। ਔਰ ਕਲਕੱਤੇ ਜਾ ਕੇ ਮੈਂ ਆਪਣੀ ਖੇਲ ਦਾ ਮੁਜਾਹਰਾ ਕੀਤਾ ਤੇ ਮੈਂ ਉਥੇ ਜਾ ਕੇ ਹਿੰਦੋਸਤਾਨ ਦੀ ਟੀਮ ਵਿਚ ਆਪਣੀ ਜਗਾ ਬਣਾਈ।

ਸੰਘਾ — ਸ੍ਰ. ਜਰਨੈਲ ਸਿੰਘ ਜੀ ਤੁਸੀਂ ਜਦ ਮਾਹਲਪੁਰ ਦੀ ਟੀਮ ਵਿਚ ਖੇਲਦੇ ਸੀ ਤੇ ਮਾਹਲਪੁਰ ਦੀ ਟੀਮ ਕਿੰਨੀ ਵੇਰੀ ਯੂਨੀਵਰਸਿਟੀ ਦੀ ਚੈਂਪੀਅਨਸ਼ਿਪ ਜਿਤੀ ?

ਜਰਨੈਲ — ਮੇਰੇ ਵਕਤ ਵਿਚ ਮਾਹਲਪੁਰ ਦੀ ਟੀਮ ਤਿੰਨ ਸਾਲ ਲਗਾਤਾਰ ਪੰਜਾਬ ਯੂਨੀਵਰਸਿਟੀ ਟੂਰਨਾਮੈਂਟ ਵਿਚ ਜਿਤੀ ਸੀ।

ਸੰਘਾ — ਕਾਲਜ ਤੋਂ ਵਿਦਿਆ ਪ੍ਰਾਪਤ ਕਰਕੇ ਤੁਸੀਂ ਪੰਜਾਬ ਵਿਚ ਤਾਂ as a player ਬਹੁਤ ਨਾਮਣਾ ਖਟਿਆ ਸੀ ਤੇ ਨੈਸ਼ਨਲ ਪਲੇਅਰ ਤੁਸੀਂ ਕਿਵੇਂ ਬਣੇ ਤੇ ਕਦੋਂ ਬਣੇ।

ਜਰਨੈਲ — ਜਿਸ ਤਰ੍ਹਾਂ ਮੈਂ ਤੁਹਾਨੂੰ ਪਹਿਲਾਂ ਵੀ ਦਸ ਚੁਕਾ ਹਾਂ ਕਿ ਮੈਥੋਂ ਪਹਿਲਾਂ ਹਿਦੂਸਤਾਨ ਦੀ ਟੀਮ ਵਿਚ ਕਦੇ ਕਿਸੇ ਪੰਜਾਬੀ ਨੇ ਨਹੀਂ ਸੀ ਖੇਲ੍ਹਿਆ। ਅਜੇ ਵੀ ਮੈਂ ਪਹਿਲਾ ਪੰਜਾਬੀ ਹਾਂ ਜਿਨੇ Olympics ਵਿਚ ਹਿੰਦੋਸਤਾਨ ਦੀ ਟੀਮ ਦੀ ਨੁਮਾਇੰਦਗੀ ਕੀਤੀ। ਮੈਂ ਇਸ ਕਰਕੇ ਕਲਕੱਤੇ ਗਿਆ ਸੀ ਕਿ ਮੈਂ ਉਥੇ ਜਾ ਕੇ ਆਪਣੀ ਖੇਲ ਦਾ ਮੁਜਾਹਰਾ ਕਰ ਸਕਾਂ ਅਤੇ ਲੋਕਾਂ ਨੂੰ ਦਸ ਸਕਾਂ ਕਿ ਅਸੀਂ ਪੰਜਾਬੀ ਵੀ ਬਹੁਤ ਅੱਛੀ ਫੁੱਟਬਾਲ ਖੇਲ ਸਕਦੇ ਹਾਂ ਮੈਂ 1959 ਵਿਚ ਸਭ ਤੋਂ ਪਹਿਲਾਂ ਹਿਦੂਸਤਾਨ ਦੀ ਟੀਮ ਵਿਚ ਸੀਲੈਕਟ ਹੋਇਆ ਅਤੇ ਮੈਂ ਇੰਡੋਨੇਸ਼ੀਆ ਦੇ ਖਿਲਾਫ ਦੋ Pre-olmpic ਮੈਚ ਖੇਲੇ ਉਸੇ ਸਾਲ ਮੈਂ Asian Cup ਟੂਰਨਾਮੈਂਟ ਖੇਲਿਆ ਅਤੇ ਮੈਨੂੰ ਏਸ਼ੀਆ ਦਾ Best player declare ਕੀਤਾ ਗਿਆ।

ਸੰਘਾ — ਜਿਨਾਂ ਸਾਲਾਂ ਦੇ ਵਿਚ ਤੁਸੀਂ ਹਿਦੂਸਤਾਨ ਦੀ ਟੀਮ ਵਿਚ ਖੇਲਦੇ ਸੀ ਉਹ ਟੀਮ ਕਿੰਨੀ ਵੇਰ Asian Games ਵਿਚ ਗਈ ਅਤੇ ਕਿਨੀ ਵੇਰ Olympic games ਵਿਚ ਹਿਸਾ ਲਿਆ।

ਜਰਨੈਲ — ਮੈਂ ਹਿਦੂਸਤਾਨ ਦੀ ਫੁੱਟਬਾਲ ਬਾਰੇ ਤੁਹਾਨੂੰ ਦਸ ਦੇਣਾ ਚਾਹੁੰਦਾ ਹਾਂ ਕਿ ਹਿਦੂਸਤਾਨ ਦਾ ਫੁੱਟਬਾਲ ਇਕ ਜ਼ਮਾਨੇ ਵਿਚ ਬਹੁਤ ਅੱਛਾ ਫੁੱਟਬਾਲ ਸੀ ਬਹੁਤ ਚੰਗਾ ਸਟੈਂਡਰਡ ਸੀ—1956 ਵਿਚ ਜਦ ਮੈਂ ਹਿਦੂਸਤਾਨ ਦੀ ਟੀਮ ਵਿਚ ਨਹੀਂ ਸੀ ਤਾਂ ਹਿਦੂਸਤਾਨ ਦੀ ਫੁੱਟਬਾਲ ਦੀ ਟੀਮ ਚੌਥੇ ਦਰਜੇ ਤੇ ਰਹੀ ਸੀ। ਇਹ Olympic Melbourne ਵਿਚ ਹੋਈਆਂ ਸਨ। ਉਸ ਤੋਂ ਬਾਅਦ ਜਦ 1960 ਵਿਚ ਰੋਮ ਵਿਚ Olympic ਹੋਈਆਂ ਮੈਂ ਹਿਦੂਸਤਾਨ ਦੀ ਟੀਮ ਵਿਚ ਖੇਲਿਆ। ਇਹ ਠੀਕ ਹੈ ਕਿ ਸਾਡੀ ਟੀਮ ਜੇਤੂ ਤਾਂ ਨਹੀਂ ਰਹੀ ਸੀ ਪਰ ਸਾਡੀ ਟੀਮ ਦਾ performance. ਬਹੁਤ ਚੰਗਾ ਸੀ ਉਸਦੇ ਬਾਦ 1962 ਵਿਚ ਹਿਦੂਸਤਾਨ ਨੇ ਏਸ਼ੀਆ ਦੀਆਂ ਖੇਲਾਂ ਜਿਹੜੀਆਂ ਕਿ ਜਕਾਰਟਾ ਵਿਚ ਹੋਈਆਂ ਸਨ ਉਨ੍ਹਾਂ ਵਿਚ ਗੋਲਡ ਮੈਡਲ ਜਿਤਿਆ। ਜਿਸ ਵਿਚ ਮੈਂ centre forward ਖੇਲਿਆ ਅਤੇ ਮੈਂ winning ਗੋਲ ਕੀਤਾ। ਇਸ ਤੋਂ ਪਹਿਲਾਂ 1951 ਵਿਚ ਹਿਦੂਸਤਾਨ ਨੂੰ ਏਸ਼ੀਅਨ ਖੇਲ੍ਹਾਂ ਸ਼ੁਰੂ ਕੀਤੀਆਂ ਸਨ ਉਥੇ ਵੀ ਹਿਦੂਸਤਾਨੀ ਫੁੱਟਬਾਲ ਟੀਮ ਜਦੋਂ ਕਿ ਇਹ ਖੇਲਾਂ ਦਿੱਲੀ ਵਿਚ ਹੋਈਆਂ ਸਨ ਤਾਂ ਹਿਦੂਸਤਾਨ ਦੀ ਟੀਮ ਗੋਲਡ ਮੈਡਲਿਸਟ ਰਹੀ ਸੀ। ਇਸ ਤੋਂ ਬਾਦ 66 ਵਿਚ ਬੰਕਾਕ ਵਿਖੇ ਜੋ ਖੇਲਾਂ ਹੋਈਆਂ ਉਨ੍ਹਾਂ ਵਿਚ ਮੈਂ ਹਿੰਦੋਸਤਾਨ ਦੀ ਟੀਮ ਦਾ ਕੈਪਟਨ ਸੀ ਪਰ ਉਸ ਵਾਰੀ ਸਾਡੀ ਟੀਮ ਦੀ performance ਕੁਝ ਬਹੁਤੀ ਚੰਗੀ ਨਹੀਂ ਰਹੀ।

ਸੰਘਾ — ਓਹ ਕਿਹੜਾ ਸਾਲ ਸੀ ਜਦੋਂ ਤੁਹਾਨੂੰ ਏਸ਼ੀਆ ਦੀ ਟੀਮ ਦਾ ਕੈਪਟਨ ਚੁਣਿਆ ਗਿਆ ?

ਜਰਨੈਲ — ਮੈਂ ਦੋ ਸਾਲ ਏਸ਼ੀਅਨ ਆਲ ਸਟਾਰ ਫੁੱਟਬਾਲ ਟੀਮ ਦੀ ਕਪਤਾਨੀ ਕੀਤੀ ਸਭ ਤੋਂ ਪਹਿਲਾਂ 1966 ਵਿਚ ਫੇਰ ਦੂਜੀ 1967 ਵਿਚ। ਸਾਡੇ ਏਸ਼ੀਆ ਦੀ ਟੀਮ ਦੇ ਮੈਚ ਇੰਗਲੈਂਡ ਦੀਆਂ professional ਕਲੱਬਾ ਨਾਲ ਹੋਏ।

ਸੰਘਾ — ਤੁਹਾਨੂੰ ਅਰਜਨ ਅਵਾਰਡ ਕਿਹੜੇ ਸਾਲ ਮਿਲਿਆ ?

ਜਰਨੈਲ — ਮੈਨੂੰ ਅਰਜਨ ਅਵਾਰਡ 1964 ਵਿਚ ਮਿਲਿਆ ਅਤੇ 1964 ਵਿਚ ਮੈਂ ਕਲਕੱਤੇ ਦਾ best player declare ਹੋਇਆ। ਲੇਕਿਨ ਏਸ ਅਰਜਨ ਅਵਾਰਡ ਦੀ Ceremony 1965 ਵਿਚ ਹੋਈ ਅਤੇ ਉਸ ਵੇਲੇ ਦੇ ਰਾਸ਼ਟਰਪਤੀ ਡਾਕਟਰ ਰਾਧਾ ਕ੍ਰਿਸ਼ਨ Ceremony ਦੇ ਚੀਫ ਗੈਸਟ ਸਨ ਉਹਨਾ ਕੋਲੋਂ ਮੈਂ ਇਹ ਅਰਜਨ ਅਵਾਰਡ ਹਾਸਲ ਕੀਤਾ ਸੀ।

ਸੰਘਾ — ਇਹ ਬੜੇ ਮਾਣ ਦੀ ਗੱਲ ਹੈ ਕਿ ਤੁਸੀਂ ਪਹਿਲੇ ਪੰਜਾਬੀ ਹੋ ਜਿਨਾਂ ਨੂੰ ਅਰਜਨ ਅਵਾਰਡ ਮਿਲਿਆ ਤੇ ਪਹਿਲੇ ਪੰਜਾਬੀ ਹੋ ਜਿਨਾਂ ਨੇ ਫੁੱਟਬਾਲ ਦੇ ਵਿਚ ਨੈਸ਼ਨਲ ਟੀਮ ਦੇ ਵਿਚ ਭਾਗ ਲਿਆ ਤੇ ਇਸ ਖੇਡਾਂ ਦੀ ਦੁਨੀਆਂ ਵਿਚ ਤੁਸੀਂ ਇਤਨਾ ਚਿਰ ਰਹਿਣ ਤੋਂ ਬਾਦ ਫੇਰ ਸਾਰੀ ਉਮਰ ਤਾਂ ਕਿਸੇ ਦਾ Stamina ਖੇਲਣ ਦਾ ਨਹੀਂ ਰਹਿੰਦਾ ਫੇਰ ਤੁਸੀਂ ਜਿਸ ਵੇਲੇ ਆਪਣੀ ਰੋਜ਼ੀ ਦੀ ਖਾਤਰ ਤੇ ਆਪਣੇ ਜੀਵਨ ਨਿਰਬਾਹ ਦੀ ਖਾਤਰ ਤੁਸੀਂ sports director ਚੁਣੇ ਗਏ। ਇਹ ਨੌਕਰੀ ਆਪ ਨੂੰ ਕਿਵੇਂ ਮਿਲੀ ?

ਜਰਨੈਲ — ਸਭ ਤੋਂ ਪਹਿਲਾਂ ਮੈਨੂੰ sports department ਵਿਚ Distt. sport ਅਫਸਰ ਦੇ ਤੌਰ ਤੇ ਲਿਆ ਗਿਆ ਸੀ ਅਤੇ ਮੈਨੂੰ ਮੈਕਸੀਮਮ ਤਨਖਾਹ ਦਿਤੀ ਗਈ ਸੀ ਉਸ ਤੋਂ ਬਾਅਦ 1968 ਵਿਚ ਮੈਨੂੰ Senior football coach ਬਣਾਇਆ ਸੀ। ਔਰ ਸੀਨੀਅਰ ਫੁੱਟਬਾਲ ਕੋਚ ਦੀ ਪੋਸਟ ਨੂੰ 1970 ਵਿਚ ਜਦੋਂ ਮੈਂ ਨੈਸ਼ਨਲ ਦੋਬਾਰਾ ਖੇਲਣੀ ਸੀ ਪੰਜਾਬ ਵਲੋਂ ਉਸ ਵੇਲੇ ਉਸ ਦਾ designation change ਕਰਕੇ ਮੈਨੂੰ ਸੀਨੀਅਰ ਡੀਪਾਰਟਮੈਂਟ ਡਰੈਕਟਰ ਬਣਾ ਦਿਤਾ ਸੀ। 1975 ਤੱਕ ਮੈਂ 1968 ਤੋਂ ਲੈ ਕੇ ਜਲੰਧਰ ਰਿਹਾ ਹਾਂ ਬਤੌਰ ਸੀਨੀਅਰ ਡਿਪਟੀ ਡਰੈਕਟਰ 1975। 1975 ਵਿਚ ਮੈਂ joint director sports ਪਰਮੋਟ ਹੋ ਕੇ ਚੰਡੀਗੜ੍ਹ ਗਿਆ ਹਾਂ। ਸੋ ਇਸ ਢੰਗ ਨਾਲ ਇਸ ਅਹੁਦੇ ਤਕ ਪਹੁੰਚਿਆ ਹਾਂ।

ਸੰਘਾ — ਇਹ ਬੜੀ ਖੁਸ਼ੀ ਦੀ ਗਲ ਹੈ ਕਿ ਇਹ ਅਹੁਦਾ ਤੁਹਾਨੂੰ ਸਿੱਧਾ ਨਹੀਂ ਮਿਲਿਆ ਇਹ ਤੁਹਾਡੀ ਮਿਹਨਤ ਅਤੇ ਇਸ ਫੀਲਡ ਤੁਹਾਡੀ ਤਕੜੀ ਮਿਹਨਤ ਦੇ ਇਨਾਮ ਦੇ ਤੌਰ ਤੇ ਤੁਹਾਨੂੰ ਮਿਲਿਆ। ਤੁਸੀਂ ਅਜ ਕੱਲ੍ਹ ਬੱਚਿਆਂ ਨੂੰ ਚੰਗੇ ਪਲੇਅਰ ਬਣਾਉਣ ਲਈ ਕਿਹੜੇ ਪਲੈਨ ਤੇ ਕੰਮ ਕਰਦੇ ਹੋ।

ਜਰਨੈਲ — ਇਹ ਤੁਹਾਡਾ ਬਹੁਤ ਅੱਛਾ ਸਵਾਲ ਹੈ ਜੀ। ਮੈਂ ਜਿਸ ਵੇਲੇ ਫੁੱਟਬਾਲ ਖੇਲਦਾ ਸੀ ਉਸ ਵੇਲੇ Constructive Football ਨਹੀਂ ਸੀ ਖੇਲਿਆ ਜਾਂਦਾ। ਆਮ ਤੌਰ ਤੇ ਜਿਹੜੇ Eratic Football ਖੇਲਦੇ ਸੀ ਲੰਮੀਆਂ ਕਿੱਕਾ ਮਾਰਦੇ ਸੀ ਅਤੇ ਕਈ ਵੇਰ ਉਹ ਲੰਬੀ ਕਿੱਕ ਗਰਾਊਂਡ ਤੋਂ ਬਾਹਰ ਵੀ ਚਲੀ ਜਾਂਦੀ ਸੀ। ਉਸਨੂੰ ਵੀ ਲੋਕ appreciat ਕਰਦੇ ਸੀ ਜਦੋਂ ਮੈਂ ਕਲਕੱਤੇ ਜਾ ਕੇ ਇਹ ਮਹਿਸੂਸ ਕੀਤਾ ਕਿ ਇਹ ਠੀਕ ਟਾਈਪ ਦਾ ਫੁੱਟਬਾਲ ਨਹੀਂ। ਮੈਂ ਵੀ ਆਪਣੇ ਫੁੱਟਬਾਲ ਨੂੰ ਉਥੇ ਜਾ ਕੇ ਚੈਕ ਕੀਤਾ ਔਰ Constructive football ਖੇਲਣਾ ਸ਼ੁਰੂ ਕੀਤਾ ਜਿਸ ਨਾਲ ਮੈਨੂੰ ਬੜੀ ਪਬਲਿਕ ਵਲੋਂ ਸ਼ਲਾਘਾ ਔਰ ਪੇਪਰਾਂ ਵਲੋਂ ਬੜੀ ਸਪੋਰਟ ਮਿਲੀ ਬਾਦ ਦੇ ਵਿਚ ਜਿਸ ਵੇਲੇ ਮੈਂ ਬਤੌਰ ਫੁੱਟਬਾਲ ਕੋਚ 5,6 ਸਾਲ ਪੰਜਾਬ ਵਿਚ ਆ ਕੇ ਕੰਮ ਕੀਤਾ ਉਸ ਵੇਲੇ ਬੱਚਿਆਂ ਨੂੰ ਇਹ ਸਿਖਾਉਣ ਦੀ ਕੋਸ਼ਿਸ਼ ਕੀਤੀ ਕਿ ਠੀਕ ਟਾਈਪ ਦਾ ਫੁੱਟਬਾਲ ਕੀ ਹੈ ਔਰ ਫੁੱਟਬਾਲ ਦੇ ਸਹੀ ਮਾਨਿਆਂ ਵਿਚ ਟਰੇਨਿੰਗ ਦੇਣ ਦੇ ਤਰੀਕੇ ਸਿਖ ਕੇ ਉਨ੍ਹਾਂ ਨੂੰ ਅੱਗੇ ਟਰੇਨਿੰਗ ਦੇਣੀ ਸ਼ੁਰੂ ਕਰ ਦਿਤੀ। ਹੁਣੀ ਅਸੀਂ ਇਸ ਵੇਲੇ ਸਾਡਾ Depptt. ਸਕੂਲਾਂ ਦੇ ਵਿਚ ਚੰਗੇ ਬੱਚਿਆਂ ਨੂੰ ਸੀਲੈਕਟ ਕਰਕੇ ਅਸੀਂ ਉਨ੍ਹਾਂ ਨੂੰ ਸਹੀ ਮਾਨਿਆਂ ਵਿਚ ਜਿਹੜੀ advance technique ਹੈ। ਉਸ ਤੋਂ ਜਾਣੂ ਕਰਾਉਂਦੇ ਹਾਂ। ਉਨ੍ਹਾਂ ਨੂੰ ਖੁਰਾਕ, ਖੇਲਾਂ ਦਾ ਸਾਮਾਨ ਅਤੇ expert coaches ਮਹੀਆ ਕਰਕੇ ਉਨ੍ਹਾਂ ਦੇ ਸਟੈਂਡਰਡ ਨੂੰ ਉਚਾ ਕਰ ਰਹੇ ਹਾਂ। ਇਸ ਤਰ੍ਹਾਂ ਜਦੋਂ ਸਕੂਲਾਂ ਚੋਂ ਉਹ ਬੱਚੇ ਕਾਲਜਾਂ ਵਿਚ ਆ ਜਾਂਦੇ ਹਨ ਤਾਂ ਅਸੀਂ ਕਾਲਜਾਂ ਵਿਚ ਵੀ ਉਸੇ ਤਰ੍ਹਾਂ ਸਪੋਰਟਸ ਹੋਸਟਲ ਦੀ ਸਾਡੀ ਸਕੀਮ ਦੇ ਤਹਿਤ ਉਨ੍ਹਾ ਬੱਚਿਆਂ ਨੂੰ ਉਹੀ facilities ਜਿਸ ਤਰ੍ਹਾਂ ਅਸੀਂ ਸਕੂਲ ਲੇਵਲ ਤੇ ਦਿੰਦੇ ਹਾਂ ਉਸੇ ਤਰ੍ਹਾਂ ਕਾਲਜ ਲੇਵਲ ਤੇ ਉਨ੍ਹਾਂ ਦਾ ਸਟੈਂਡਰਡ ਉਚਾ ਕਰਨ ਲਈ ਉਹੀ facilities ਉਨ੍ਹਾਂ ਨੂੰ ਦਿੰਦੇ ਹਾਂ।

ਸੰਘਾ — ਇਹ ਬੜੀ ਖੁਸ਼ੀ ਦੀ ਗੱਲ ਹੈ ਕਿ ਤੁਸੀਂ ਪਿੰਡਾਂ ਵਿਚ ਜੰਮੇ, ਪਲੇ ਤੇ ਇਤਨੇ ਉਚ ਪੱਧਰ ਦੇ ਅਫਸਰ ਬਣੇ ਤੇ ਫੁੱਟਬਾਲ ਵਿਚ ਨਾਮਣਾ ਖਟਿਆ। ਤੇ ਹੁਣ ਤੁਸੀਂ ਉਹ ਮੁਸ਼ਕਲਾਂ ਨੂੰ ਜਾਣਦੇ ਹੋ ਜਿਹੜੀਆਂ ਕਿ ਪਿੰਡਾਂ ਦੇ ਬੱਚਿਆਂ ਨੂੰ ਪਲੇਅਰ ਬਣਨ ਲਈ ਅੱਗੇ ਆਉਂਦੀਆਂ। ਤੁਸੀਂ ਉਨ੍ਹਾਂ ਨੂੰ ਦੂਰ ਕਰਨ ਲਈ ਬੜਾ ਸ਼ਲਾਘਾਯੋਗ ਕੰਮ ਕਰ ਰਹੇ ਹੋ। ਹੁਣ ਮੈਂ ਤੁਹਾਨੂੰ ਪੁਛਣਾ ਚਾਹਾਂਗਾ ਕਿ ਕੁਝ ਲੋਕਾਂ ਦਾ ਖਿਆਲ ਹੈ ਕਿ 1982 ਵਿਚ ਭਾਰਤ ਵਿਚ ਹੋਈਆਂ ਏਸ਼ੀਅਨ ਖੇਡਾਂ flop ਹੋ ਗਈਆਂ ਤੁਸੀਂ inner circle ਵਿਚ ਸੀ ਇਸ ਬਾਰੇ ਦੱਸੋ ਅਸਲ ਗੱਲ ਕੀ ਸੀ ?

ਜਰਨੈਲ — ਮੈਂ ਸਮਝਦਾ ਹਾਂ ਕਿ ਜਿਹੜੇ ਲੋਕ ਹਿਦੂਸਤਾਨ ਦੀਆਂ ਖੇਡਾਂ ਨੂੰ ਫਲੋਪ ਸਮਝਦੇ ਆ ਉਹ ਸ਼ਾਇਦ ਹਿਦੂਸਤਾਨ ਦੇ ਦੋਸਤ ਨਹੀਂ ਬਲ ਕਿ jealousy feel ਕਰਨ ਵਾਲੇ ਇਨਸਾਨ ਹੋਣਗੇ। ਹਿਦੂਸਤਾਨ ਨੇ ਭਾਵੇਂ ਕੋਈ ਬਹੁਤੇ ਗੋਲਡ ਮੈਡਲ ਨਹੀਂ ਜਿਤੇ, ਸਾਡੀ ਪੰਜਵੀਂ ਛੇਵੀਂ ਪੁਜ਼ੀਸ਼ਨ ਰਹੀ ਪਰ ਜਿਥੋਂ ਤਕ ਔਰਗੇਨਾਈਜ਼ੇਸ਼ਨ ਦਾ ਤੁਅੱਲਕ ਹੈ ਸਾਰੀ ਦੁਨੀਆਂ ਨੇ ਸਰਹਾਨਾ ਕੀਤੀ ਹੈ। ਪੇਪਰਾਂ ਨੇ ਬੜੀ ਸਪੋਰਟ ਦਿਤੀ ਹੈ। ਖੇਡਾਂ ਦੌਰਾਨ ਮੈਂ Officer on special duty ਸੀ ਫੁੱਟਬਾਲ ਲਈ — ਏਸੇ ਤਰ੍ਹਾਂ Asian Confederation of ਫੁੱਟਬਾਲ ਨੇ ਵੀ ਮੈਨੂੰ officer on special duty ਲਗਾਇਆ ਹੋਇਆ ਸੀ। ਉਨ੍ਹਾਂ ਦਾ ਵਿਚਾਰ ਸੀ ਕਿ ਹਿਦੂਸਤਾਨ ਵਿਚ ਹੋਈਆਂ ਏਸ਼ੀਅਨ ਗੇਮਾਂ ਵਰਗੀਆਂ ਖੇਡਾਂ ਪਹਿਲਾਂ ਕਦੀ ਨਹੀਂ ਹੋਈਆਂ। ਮੈਂ ਆਪ ਵੀ ਏਸ਼ੀਅਨ ਖੇਡਾਂ ਵਿਚ ਖੇਡ ਚੁਕਿਆਂ ਪਰ ਇਹੋ ਜਿਹਾ ਇਤਜ਼ਾਮ ਕਦੀ ਵੀ ਨਹੀਂ ਸੀ ਦੇਖਿਆ। ਸਾਡਾ ਇਸ ਚੀਜ਼ ਨਾਲ ਬੜਾ ਸਿਰ ਉਚਾ ਹੋਇਆ ਕਿ ਅਸੀਂ ਐਡੇ ਵੱਡੇ ਟੂਰਨਾਮੈਂਟ ਨੂੰ ਔਰਗੇਨਾਈਜ਼ ਕਰਕੇ ਸਰਾਹਨਾ ਲੋਕਾਂ ਤੋਂ ਲਈ ਹੈ।

ਸੰਘਾ — ਆਖਰੀ ਸਵਾਲ ਹੈ ਕਿ ਕੀ ਭਾਰਤ ਓਲੰਪਿਕ ਗੇਮਾਂ ਭਾਰਤ ਵਿਚ ਕਰਵਾਉਣ ਦਾ ਵਿਚਾਰ ਵੀ ਰੱਖਦਾ ਹੈ ?

ਜਰਨੈਲ — ਹਾਂ ਇਹ ਦੇ ਵਿਚ ਕੋਈ ਸ਼ੱਕ ਨਹੀਂ। ਮੈਂ ਵੀ ਪ੍ਰਬੰਧਕਾਂ ਤੋਂ ਸੁਣਿਆ ਹੈ ਜਿਨ੍ਹਾਂ ਨੇ ਏਸ਼ੀਅਨ ਗੇਮਾਂ ਕਰਨ ਦਾ ਪ੍ਰਬੰਧ ਕੀਤਾ ਸੀ। ਉਹ ਹੁਣ ਏਸੇ ਪਾਸੇ ਸੋਚ ਰਹੇ ਨੇ ਕਿ 1992 ਦੀਆਂ ਜਿਹੜੀਆਂ ਓਲਪਿਕਸ ਨੇ ਉਹ ਦਿੱਲੀ ਵਿਚ ਕਰਵਾਣ ਦਾ ਪ੍ਰਬੰਧ ਕਰਨਗੇ। ਹੁਣ ਸਾਡੇ ਕੋਲ ਸਾਰੀਆਂ facilities ਮੌਜੂਦ ਹਨ। ਓਲੰਪਿਕ ਖੇਡਾਂ ਕਰਵਾਉਣ ਵੇਲੇ ਏਸ਼ੀਅਨ ਗੇਮਾਂ ਦੀ ਜੋ ਕੋਈ ਕਮੀ ਰਹਿ ਗਈ ਹੈ ਤਾਂ ਉਹ ਵੀ ਦੂਰ ਕਰਨ ਦਾ ਯਤਨ ਕਰਨਗੇ।

ਸੰਘਾ — ਜਰਨੈਲ ਸਿੰਘ ਜੀ ਮੈਂ ਤੁਹਾਡਾ ਬੜਾ ਸ਼ੁਕਰਗੁਜ਼ਾਰ ਹਾਂ। ਏਥੇ ਦੇ ਰਹਿਣ ਵਾਲੇ ਲੋਕਾਂ ਲਈ ਤੁਸੀਂ ਕੋਈ ਸੁਨੇਹਾ ਦੇਣਾ ਚਾਹੋਗੇ ?

ਜਰਨੈਲ — ਮੈਂ ਸਭ ਤੋਂ ਪਹਿਲਾਂ ਤਾਂ ਤੁਹਾਡਾ ਧੰਨਵਾਦ ਕਰਨਾ ਚਾਹੰਦਾਂ। ਸ਼ਿੰਗਾਰਾ ਸਿੰਘ ਜਿਹੜਾ ਕਿ ਮੇਰਾ Brother-in-law ਹੈ ਉਨ੍ਹਾਂ ਨੇ ਮੇਰੇ ਲਈ ਬੜੀ ਕੋਸ਼ਿਸ਼ ਕੀਤੀ ਹੈ। ਤੁਸੀਂ ਸੋਹਣ ਸੁਰਿੰਦਰ ਜੀ, ਮੇਰੇ ਨਾਲ ਪੜ੍ਹਦੇ ਰਹੇ ਹੋ ਅਸੀਂ ਖਾਲਸਾ ਕਾਲਜ ਦੇ ਸਟੂਡੈਂਟਸ ਰਹੇ ਹਾਂ। ਮੈਂ ਇਹ ਨਹੀਂ ਮਹਿਸੂਸ ਕਰਦਾ ਕਿ ਮੈਂ ਮੁਲਕ ਤੋਂ ਬਾਹਰ ਆਇਆ ਹੋਇਆ ਹਾਂ। ਮੈਨੂੰ ਤਾਂ ਇਹ ਆਪਣੇ ਮੁਲਕ ਵਰਗਾ ਹੀ ਲੱਗਦਾ ਹੈ। ਜਿਥੋਂ ਤੱਕ ਸੁਨੇਹੇ ਦਾ ਤੁਅੱਲਕ ਹੈ ਮੈਂ ਤਾਂ ਇਹੀ ਕਹਿੰਦਾ ਹਾਂ ਕਿ ਭਾਈਚਾਰੇ ਦੇ ਤੌਰ ਤੇ ਭਰਾਵਾਂ ਵਾਂਗੂੰ ਰਹੋ ਤੇ ਪਿਆਰ ਮੁਹੱਬਤ ਨਾਲ ਇਕ ਟੱਬਰ ਵਾਂਗੂੰ ਰਹੋ। ਆਪਣੇ ਦੇਸ਼ ਨੂੰ ਖਾਸ ਤੌਰ ਤੇ, ਜਿਸ ਲਈ ਦੇਸ਼ ਭਗਤਾਂ ਨੇ ਕੁਰਬਾਨੀਆਂ ਕਰਕੇ ਆਜ਼ਾਦੀ ਸਾਨੂੰ ਦਿਖਾਈ ਹੈ, ਉਸ ਦੇਸ਼ ਨਾਲ ਪਿਆਰ, ਮੁਹੱਬਤ ਤੇ ਉਸ ਦੇਸ਼ ਦਾ ਖਿਆਲ ਰੱਖਣਾ ਚਾਹੀਦਾ ਹੈ।

ਸੰਘਾ — ਬਹੁਤ ਬਹੁਤ ਸ਼ੁਕਰੀਆ ਜਰਨੈਲ ਸਿੰਘ ਜੀ।

'ਕੈਨੇਡਾ ਦਰਪਣ' ਆਪ ਪੜ੍ਹੋ ਅਤੇ ਦੂਜਿਆਂ ਨੂੰ ਪੜ੍ਹਨ ਲਈ ਪਰੇਰੋ

ਭਾਰਤ ਦਰਪਨ

ਚੌਧਰੀ ਚਰਨ ਸਿੰਘ ਦੇ ਤਲਖ ਤਜਰਬੇ ਤੇ ਬਦਲੇ ਵਿਚਾਰ

ਨਵੀਂ ਦਿੱਲੀ—ਲੋਕ ਦਲ ਦੇ ਆਗੂ ਚਰਨ ਸਿੰਘ ਨੇ ਕਿਹਾ ਕਿ ਭਾਰਤੀ ਜਨਤਾ ਪਾਰਟੀ ਨਾਲ ਉਹਨਾਂ ਦੀ ਪਾਰਟੀ ਦਾ ਇਤਹਾਦ ਕੇਵਲ ਬੀ. ਜੇ. ਪੀ. ਲਈ ਹੀ ਫਾਇਦੇਮੰਦ ਨਹੀਂ ਹੋਵੇਗਾ ਸਗੋਂ ਦੋਹਾਂ ਲਈ ਇਮਦਾਦੀ ਸਾਬਤ ਹੋਵੇਗਾ।

ਰਸਾਲਾ 'ਪਰੋਬ" ਨਾਲ ਇਕ ਮੁਲਾਕਾਤ ਵਿਚ ਚੌ: ਚਰਨ ਸਿੰਘ ਨੇ ਕਿਹਾ, ਵਪਾਰੀ ਤਬਕੇ ਦੇ ਲੋਕ, ਸ਼ਹਿਰਾਂ ਤੇ ਕਸਬਿਆਂ ਦੇ ਲੋਕ ਜ਼ਾਤੀ ਤੌਰ ਤੇ ਤਾਂ ਮੇਰੇ ਬਾਰੇ ਚੰਗੀ ਰਾਏ ਰਖਦੇ ਹਨ ਪਰ ਮੇਰੇ ਉਮੀਦਵਾਰਾਂ ਨੂੰ ਵੋਟ ਨਹੀਂ ਸਨ ਦਿੰਦੇ। ਇਹਨਾਂ ਵੋਟਾਂ ਨੂੰ ਸਾਡੇ ਵਲ ਝੁਕਾਉਣ ਵਿਚ ਸਾਂਝਾ ਮੁਹਾਜ਼ ਸਾਡੀ ਮਦਦ ਕਰੇਗਾ।"

ਭਾਰਤੀ ਜਨਤਾ ਪਾਰਟੀ ਇਸ ਮੁਹਾਜ਼ ਵਿਚ ਆਪਣੇ ਮੰਤਵ ਲਈ ਸ਼ਾਮਲ ਨਹੀਂ ਹੋਈ, ਕੀ ਉਹ ਆਪਣੇ ਆਧਾਰ ਨੂੰ ਵਿਸ਼ਾਲ ਕਰਨ ਦਾ ਇਰਾਦਾ ਤਾਂ ਨਹੀਂ ਰੱਖਦੀ, ਚੌ: ਚਰਨ ਸਿੰਘ ਨੇ ਉਤਰ ਦਿਤਾ, "ਫੇਰ ਕੀ ਹੋਇਆ ?"

ਫਰਜ਼ ਕਰੋ, ਉਹ ਸਮਝਦੇ ਹਨ ਕਿ ਮੈਂ ਛੇਤੀ ਹੀ ਰੀਟਾਇਰ ਹੋ ਜਾਵਾਂਗਾ ਅਤੇ ਮੇਰੀ ਹਮਾਇਤ ਵਾਲੇ ਖੇਤਰ ਉਹਨਾਂ ਕੋਲ ਆ ਜਾਣਗੇ, ਤਾਂ ਇਸ ਵਿਚ ਹਰਜ ਕੀ ਹੈ। ਨੇੜਲੇ ਸੰਪਰਕ ਨਾਲ ਉਹਨਾਂ ਦੀ ਮਾਨਸਿਕ ਬਣਤਰ ਵਿਚ ਤਬਦੀਲੀ ਆ ਜਾਏਗੀ। ਇਹ ਪੁਛੇ ਜਾਣ ਉਤੇ ਕੇ ਰਾਸ਼ਟਰ ਸਵੈਮ ਸੰਘ ਨਾਲ ਜੁੜੀ ਹੋਈ ਭਾਰਤੀ ਜਨਤਾ ਪਾਰਟੀ ਨਾਲ ਉਨ੍ਹਾ ਗਠਜੋੜ ਕਿਵੇਂ ਕਰ ਲਿਆ, ਚੌ: ਚਰਨ ਸਿੰਘ ਨੇ ਕਿਹਾ ਕਿ ਉਹਨਾਂ ਇਸ ਸਵਾਲ ਉਤੇ ਆਪਣਾ ਸਟੈਂਡ ਬਦਲ ਲਿਆ ਹੈ। ਉਹਨਾਂ ਕਿਹਾ, "ਹਲਾਤ ਬਦਲ ਗਏ ਹਨ ਅਜ ਮੇਰੀ ਹੋਰ ਰਾਏ ਹੋ ਸਕਦੀ ਹੈ ਕਲ ਹੋਰ, ਪਰ ਰਾਏ ਵਿਚ ਜਿਸ ਤਬਦੀਲੀ ਦਾ ਮੰਤਵ ਨਿਜੀ ਫਾਇਦਾ ਨਹੀਂ ਹੁੰਦਾ, ਉਹ ਮਾੜੀ ਨਹੀਂ ਹੁੰਦੀ

ਲੋਕ ਦਲ ਆਗੂ ਨੇ ਕਿਹਾ, "ਉਹ ਆਪ ਵੀ ਬਦਲ ਰਹੇ ਹਨ। ਹੁਣ ਇਕ ਆਦਮੀ ਭਾਜਪਾ ਤੇ ਰ: ਸ: ਸ: ਦਾ ਇਕੋ ਵੇਲੇ ਅਹੁਦੇਦਾਰ ਰਏ ਤਾਂ ਉਹਨਾਂ ਵਲੋਂ ਇਕ ਨੇ ਵੀ ਆਪਣੇ ਆਗੂ ਦਾ ਸਾਥ ਨਾ ਦਿਤਾ।" ਚੌ: ਚਰਨ ਸਿੰਘ ਨੇ ਦਲੀਲ ਦਿਤੀ, "ਮੈਂ ਆਰੀਆ ਸਮਾਜੀ ਹਾਂ। ਕੀ ਮੈਂ ਆਰੀਆਂ ਸਮਾਜ ਦਾ ਪ੍ਰਧਾਨ ਹੁੰਦਾ ਹੋਇਆ ਲੋਕ ਦਲ ਦਾ ਮੈਂਬਰ ਨਹੀਂ ਰਹਿ ਸਕਦਾ ? ਜਦੋਂ ਮੈਂ ਨੌਜਵਾਨ ਸਾਂ ਮੈਂ ਕਾਂਗਰਸ ਤੇ ਆਰੀਆ ਸਮਾਜ ਦੋਹਾਂ ਦਾ ਪ੍ਰਧਾਨ ਸਾਂ, ਮੈਂ ਹੁਣ ਵੀ ਆਰੀਆ ਸਮਾਜੀ ਹਾਂ ਇਸ ਵਿਚ ਬੁਰਾਈ ਕੀ ਹੈ

ਉਹਨਾਂ ਇਸ ਦਲੀਲ ਨੂੰ ਮੰਨਣ ਤੋਂ ਨਾਂਹ ਕਰ ਦਿਤੀ ਕਿ ਭਾਜਪਾ ਨਾਲ ਗਠਜੋੜ ਕਾਰਨ ਲੋਕ ਦਲ ਨੂੰ ਮੁਸਲਮ ਵੋਟਾਂ ਨਹੀਂ ਮਿਲਣਗੀਆਂ। ਉਹਨਾਂ ਕਿਹਾ, ਸਾਨੂੰ ਮੁਸਲਮ ਵੋਟਾਂ ਹਰ ਹਾਲਤ ਵਿਚ ਮਿਲਣ ਗੀਆਂ। ਮੈਂ ਇਸ ਆਧਾਰ ਉਤੇ ਕਦੇ ਵਿਤਕਰਾ ਨਹੀਂ ਕੀਤਾ।"ਇਹ ਪੁਛੇ ਜਾਣ ਉਤੇ ਕਿ ਪੰਜ ਪਾਰਟੀ ਮੁਹਾਜ਼ ਦਾ ਆਧਾਰ, ਨੈਸ਼ਨਲ ਡੈਮੋਕਰੇਟਿਕ ਅਲਾਇੰਸ ਨਾਲੋਂ ਵਧੇਰੇ ਵਿਸ਼ਾਲ ਨਹੀਂ, ਚੌਧਰੀ ਚਰਨ ਸਿੰਘ ਨੇ ਬਹੁਤ ਤਿਖੇ ਲਹਿਜੇ ਵਿਚ ਕਿਹਾ, "ਪੰਜ ਪਾਰਟੀ ਮੁਹਾਜ਼ ਦਾ ਕੋਈ ਜਨਤਕ ਆਧਾਰ ਹੈ ਹੀ ਨਹੀਂ ਮਿ: ਬਹੁਗੁਣਾਂ ਦੇ ਪਾਰਲੀਮੈਂਟ ਵਿਚ 9 ਆਦਮੀ ਸਨ ਨੌ ਦੇ ਨੌ ਕਾਂਗਰਸ ਆਈ ਦੀ ਟਿਕਟ ਤੇ ਚੁਣ ਕੇ ਆਏ ਹੋਏ ਹਨ ਪਰ ਜਦੋਂ ਬਹੁਗੁਣਾ ਕਾਂਗਰਸ ਆਈ. ਛੱਡ ਉਹ ਆਪਣੀਆਂ ਕੁਰਸੀਆਂ ਨਾਲ ਨਾ ਚੰਬੜੇ ਰਹਿੰਦੇ ਜੇ ਉਹਨਾਂ ਨੂੰ ਬਹੁਗੁਣਾ ਦੀ ਮਦਦ ਨਾਲ ਮੁੜ ਤੋਂ ਚੁਣੇ ਜਾਣ ਦਾ ਵਿਸ਼ਵਾਸ਼ ਹੁੰਦਾ।"

ਉਹਨਾਂ ਕਿਹਾ, "ਜਿਥੋਂ ਤਕੱ ਚੰਦਰ ਸ਼ੇਖਰ ਦਾ ਸਬੰਧ ਹੈ ਮੇਰੀ ਪਾਰਟੀ ਦੇ ਉਮੀਦਵਾਰ ਜ਼ਨੇਸ਼ਵਰ ਮਿਸ਼ਰਾ ਨੇ ਚੋਣ ਪੇਟੀਸ਼ਨ ਦਾਇਰ ਕਰ ਰਖੀ ਹੈ ਹੈ ਕਿ ਜਨਤਾ ਪਾਰਟੀ ਦੇ ਪ੍ਰਧਾਨ ਨੇ 32 ਬੂਥਾਂ ਉਤੇ ਜਬਰਦਸਤੀ ਕਬਜ਼ਾ ਕਰਕੇ ਸੀਟ ਜਿਤੀ ਹੈ। ਚਰਨਜੀਤ ਯਾਦਵ ਦੀ ਹਾਲਤ ਇਹ ਹੈ ਕਿ ਉਹ 1977 'ਚ ਉਨ੍ਹਾਂ ਮੇਰੀ ਪਾਰਟੀ ਦੇ ਉਮੀਦਵਾਰ ਰਾਮ ਵਚਨ ਯਾਦਵ ਦੇ ਖਿਲਾਫ ਜ਼ਮਾਨਤ ਜ਼ਬਤ ਕਰਾਈ ਸੀ।

ਲੱਖਾਂ ਮਜ਼ਦੂਰਾਂ ਦੀ ਨੌਕਰੀ ਖਤਰੇ ਵਿਚ ਚਾਰ ਦਸੰਬਰ ਨੂੰ ਦੇਸ਼ ਭਰ 'ਚ ਵਿਰੋਧ ਦਿਵਸ ਦਾ ਐਲਾਨ

ਨਵੀਂ ਦਿੱਲੀ—ਟਰੇਡ ਯੂਨੀਅਨ ਦੀ ਕੌਮੀ ਮੁਹਿੰਮ ਕਮੇਟੀ ਨੇ ਫੈਸਲਾ ਕੀਤਾ ਹੈ ਕਿ ਮਜ਼ਦੂਰਾਂ ਦੀ ਛਾਂਟੀ, ਤਾਲਾਬੰਦੀ, ਲੇਆਫ ਤੇ ਕਈ ਮਿਲਾਂ ਬੰਦ ਕਰਨ ਵਿਰੁਧ ਅਤੇ ਮਜ਼ਦੂਰਾਂ ਦੇ ਖਿਲਾਫ ਨੋਟੀਫਿਕੇਸ਼ਨਾਂ ਦੀ ਮਨਸੂਖੀ ਲਈ 4 ਦਸੰਬਰ ਨੂੰ ਦੇਸ਼ ਭਰ ਵਿਚ ਵਿਰੋਧ ਦਿਵਸ ਮਨਾਇਆ ਜਾਏਗਾ, ਜਿਸ ਦੌਰਾਨ ਦੇਸ਼ ਵਿਚ ਵਖ ਵਖ ਥਾਈਂ ਲੱਖਾਂ ਮਜ਼ਦੂਰਾਂ ਦੀ ਨੌਕਰੀ ਨੂੰ ਪੈਦਾ ਹੋ ਰਹੇ ਖਤਰੇ ਵਿਰੁਧ ਰੋਸ ਪ੍ਰਗਟ ਕੀਤਾ ਜਾਏਗਾ। ਇਸ ਦਿਨ ਰੈਲੀਆਂ ਅਤੇ ਮੁਜ਼ਾਹਰੇ ਕੀਤੇ ਜਾਣਗੇ ਅਤੇ ਕਾਲੇ ਬਿਲੇ ਲਾਏ ਜਾਣਗੇ ਅਤੇ ਅਜਿਹੇ ਕਦਮ ਵਾਪਸ ਲੈਣ ਦੀ ਮੰਗ ਕੀਤੀ ਜਾਏਗੀ ਜਿਹਨਾਂ ਨਾਲ ਲਖਾਂ ਮਜ਼ਦੂਰਾਂ ਦੀ ਨੌਕਰੀ ਖਤਰੇ ਵਿਚ ਪੈਂਦੀ ਹੈ।

ਕੌਮੀ ਮੁਹਿੰਮ ਕਮੇਟੀ, ਜਿਸ ਦੀ ਮੀਟਿੰਗ ਪਰਸੋਂ ਇਥੇ ਹੋਈ, ਉਸ ਨੇ ਇਹ ਵੀ ਫੈਸਲਾ ਕੀਤਾ ਹੈ ਕਿ 4 ਦਸੰਬਰ ਦੀ ਕਨਵੈਨਸ਼ਨ 22 ਜਨਵਰੀ ਨੂੰ ਕੀਤੀ ਜਾਏਗੀ। ਇਹ ਮੀਟਿੰਗ ਇੰਡੀਅਨ ਟਰੇਡ ਯੂਨੀਅਨ ਕਾਂਗਰਸ(ਇੰਟਕ) ਦੇ ਜੇ. ਐਸ. ਦਾਰਾ ਦੀ ਪ੍ਰਧਾਨਗੀ ਹੇਠ ਹੋਈ।

ਪਾਕਿ ਲਈ ਅਮਰੀਕਾ ਤੋਂ ਹੋਰ ਖਤਰਨਾਕ ਮਿਸਾਈਲ

ਨਵੀਂ ਦਿੱਲੀ—ਜਾਣਕਾਰ ਸੂਤਰਾਂ ਅਨੁਸਾਰ ਪਾਕਿਸਤਾਨ ਅਮਰੀਕਾ ਤੋਂ ਬਹੁ ਮੰਤਵੀ ਮਾਵਰਿਕ ਮਿਸਾਈਲ ਹਾਸਲ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਇਹ ਮਿਸਾਈਲ ਹਵਾਈ ਤੋਂ ਧਰਤੀ ਵਲ ਮਾਰ ਕਰਦੀ ਹੈ। ਸਮੁੰਦਰੀ ਜੰਗ ਵਿਚ ਵਰਤੋਂ ਵਿਚ ਆਉਣ ਵਾਲੀ ਹਾਰਪੂਨ ਮਿਸਾਈਲ ਪਹਿਲਾਂ ਹੀ ਪਾਕਿਸਤਾਨ ਨੂੰ ਮਿਲੀ ਹੋਈ ਹੈ। ਜੇ ਹੁਣ ਉਸਨੂੰ ਮਾਵਰਿਕ ਮਿਸਾਈਲ ਵੀ ਮਿਲ ਗਈ ਤਾਂ ਉਸ ਦੀ ਹਵਾਈ ਤੇ ਸਮੁੰਦਰੀ ਹਮਲੇ ਦੀ ਸਮਰਥਾ ਬਹੁਤ ਵਧ ਜਾਏਗੀ।

ਮਾਵਿਰਕ ਮਿਸਾਈਲ ਵੀ ਕਈ ਕਿਸਮ ਦੀਆਂ ਹਨ ਤੇ ਕਈ ਵਖ ਵਖ ਮੰਤਵਾਂ ਲਈ ਹਨ। ਇਸ ਮਿਸਾਈਲ ਦਾ ਨਵਾਂ ਤੇ ਵਧੇਰੇ ਖਤਰਨਾਕ ਰੂਪ ਵਿਕਸਤ ਕੀਤਾ ਜਾ ਰਿਹਾ ਹੈ। ਇਹ ਮਿਸਾਈਲਾਂ ਟੈਕਨੀਕਲ ਹਵਾਈ ਜਹਾਜ਼ ਤੋਂ ਛੱਡੀਆਂ ਜਾਂਦੀਆਂ ਹਨ ਤੇ ਇਹ ਕਿਲ੍ਹਾਬੰਦੀਆਂ, ਬੰਕਰਾਂ, ਟੈਂਕਰਾਂ, ਬਕਤਰ-ਬੰਦ ਗੱਡੀਆਂ, ਫੌਜੀ ਜਵਾਨਾਂ ਨੂੰ ਢੋਣ ਵਾਲੀਆਂ ਗੱਡੀਆਂ ਜਹਾਜ਼ਾਂ, ਰਾਡਾਰ ਕੇਂਦਰਾਂ ਤੇ ਮਿਸਾਈਲਾਂ ਦੇ ਖਿਲਾਫ ਛੱਡੀਆਂ ਜਾਂਦੀਆਂ ਹਨ। ਪਾਕਿਸਤਾਨ ਇਹ ਮਿਸਾਈਲਾਂ ਆਪਣੇ ਐਫ-16 ਜਹਾਜ਼ਾਂ ਲਈ ਤੇ ਆਪਣੀ ਸਮੁੰਦਰੀ ਸੈਨਾ ਲਈ ਹਾਸਲ ਕਰਨਾ ਚਾਹੁੰਦੀ ਹੈ। ਅਮਰੀਕਾ ਨੇ ਪਾਕਿਸਤਾਨ ਵਿਚ ਆਪਣਾ ਨਵੀਨਤਮ ਸਮੁੰਦਰੀ ਸੈਨਕ ਰਾਡਾਰ ਸਿਸਟਮ ਵੀ ਸਥਾਪਤ ਕਰ ਦਿਤਾ ਹੈ।

ਅਮਰੀਕਾ ਨੇ ਭਾਰਤ ਦੀ ਅਜ਼ਾਦੀ ਦਾ ਵਿਰੋਧ ਕੀਤਾ ?

ਨਵੀਂ ਦਿੱਲੀ—ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੇ ਦੋ ਸਕਾਲਰਾਂ ਪ੍ਰੋਫੈਸਰ ਐਮ. ਵਾਈ. ਵੈਂਕਟਾਰਨੀ ਅਤੇ ਬੀ. ਕੇ. ਸ੍ਰੀ ਵਾਸਤਵ ਨੇ ਇਸ ਵਿਚਾਰ ਦਾ ਖੰਡਨ ਕੀਤਾ ਹੈ ਕਿ "ਪ੍ਰਧਾਨ ਰੂਜ਼ਵੈਲਟ ਦੇ ਤਹਿਤ ਅਮਰੀਕੀ ਪ੍ਰਸ਼ਾਸਨ ਨੇ ਭਾਰਤ ਦੀ ਆਜ਼ਾਦੀ ਦੀ ਲਹਿਰ ਦੀ ਹਮੈਤ ਕੀਤੀ ਸੀ।" ਇਸ ਦੇ ਉਲਟ ਇਹਨਾਂ ਦੋ ਭਾਰਤੀ ਸਕਾਲਰਾਂ ਨੇ ਕਿਹਾ ਹੈ ਕਿ ਅਮਰੀਕੀ ਪ੍ਰਧਾਨ ਰੂਜ਼ਵੈਲਟ ਦੇ ਪ੍ਰਸ਼ਾਸਨ ਨੇ ਭਾਰਤੀ ਕੌਮਵਾਦ ਪ੍ਰਤੀ ਬੜਾ ਸਖਤ ਵਤੀਰਾ ਅਪਣਾਇਆ ਸੀ।

"ਰੂਜ਼ਵੈਲਟ--ਗਾਂਧੀ-ਚਰਚਿਲ" ਨਾਂ ਦੀ ਇਕ ਪੁਸਤਕ ਵਿਚ ਅਮਰੀਕੀ ਅਧਿਅਨ ਦੇ ਇਹਨਾਂ ਦੋਹਾਂ ਭਾਰਤੀ ਸਕਾਲਰਾਂ ਨੇ 1940ਵਿਆਂ ਵਿਚ ਅਮਰੀਕੀ ਨੀਤੀ ਉਤੇ ਰੌਸ਼ਨੀ ਪਾਈ ਹੈ ਅਤੇ ਕਰਨਲ ਲੂਈਸ ਜੌਹਨਸਨ ਤੇ ਵਿਲੀਅਮ ਫਿਲਪਸ ਦੇ ਭਾਰਤ ਦੌਰੇ ਦਾ ਜ਼ਿਕਰ ਕਰਦਿਆਂ ਕਿਹਾ ਹੈ ਕਿ ਇਸ ਤਰ੍ਹਾਂ ਦੀ ਕੋਈ ਗਵਾਹੀ ਜਾਂ ਸਬੂਤ ਨਹੀਂ ਮਿਲਦਾ ਕਿ ਉਸ ਵੇਲੇ ਦੇ ਅਮਰੀਕੀ ਪ੍ਰਸ਼ਾਸਨ ਵਲੋਂ ਭਾਰਤੀ ਲੋਕਾਂ ਦੀ ਆਜ਼ਾਦੀ ਲਈ ਜਦੋ-ਜਹਿਦ ਵਾਸਤੇ ਕੋਈ ਅਰਥ ਭਰਪੂਰ ਹਮਾਇਤ ਦਿਤੀ ਗਈ।

ਲਾਹੌਰ ਵਿਚ ਪੁਲਸੀਏ ਹਲਾਕ

ਲਾਹੌਰ—ਲਾਹੌਰ ਵਿਚ ਸਰਕਾਰ ਵਿਰੋਧੀ ਵਿਖਾਵਾਕਾਰੀਆਂ ਨਾਲ ਪੁਲਸ ਦੀ ਹੋਈ ਇਕ ਝੜਪ ਵਿਚ ਤਿੰਨ ਪੁਲਸੀਏ ਅਤੇ 12 ਵਿਖਾਵਾ ਕਾਰੀ ਮਾਰੇ ਗਏ। ਵਿਖਾਵਾਕਾਰੀ ਜ਼ੀਆ ਸਰਕਾਰ ਵਿਰੁਧ ਨਾਹਰੇ ਲਾ ਰਹੇ ਸਨ।

ਐਸ. ਐਸ. ਅਮੋਲ ਜੀ ਵੈਨਕੂਵਰ ਪਹੁੰਚ ਗਏ ਹਨ



—ਸ. ਸ. ਅਮੋਲ—

ਪੰਜਾਬੀ ਦੇ ਸ਼ਰੋਮਣੀ ਸਾਹਿਤਕਾਰ ਮੰਗਲਵਾਰ ਨੂੰ ਵੈਨਕੂਵਰ ਪਹੁੰਚ ਗਏ ਹਨ। ਗੁਰੂ ਘਰਾਂ ਵਿਚ ਉਹ ਸੰਗਤਾਂ ਨੂੰ ਐਡਰੇਸ ਕਰਨਗੇ। ਗੁਰਬਾਣੀ ਦੇ ਰਸੀਏ ਅਮੋਲ ਜੀ ਪੰਜਾਬੀਆਂ ਦਾ ਮਾਣ ਹਨ।

ਜੁਰਮ ਤੋਂ ਨੌ ਸਾਲ ਬਾਅਦ ਫਾਂਸੀ ਲਗੇ

ਨਵੀਂ ਦਿੱਲੀ—1973 ਦੇ ਸ੍ਰੀਮਤੀ ਵਿਦਿਆ ਜੈਨ ਕਤਲ ਕਾਂਡ ਦੇ ਦੋ ਦੋਸ਼ੀਆਂ ਭਰਾਵਾਂ ਕਰਤਾਰ ਸਿੰਘ ਅਤੇ ਉਜਾਗਰ ਸਿੰਘ ਨੂੰ ਸਵੇਰੇ ਤਿਹਾੜ ਜੇਲ੍ਹ ਵਿਚ ਫਾਂਸੀ ਦੇ ਦਿਤੀ ਗਈ। ਸੁਪਰੀਮ ਕੋਰਟ ਵਲੋਂ ਰੱਸੀ ਨਾਲ ਫਾਂਸੀ ਦੇਣ ਦੀ ਵਿਧੀ ਨੂੰ ਸੰਵਿਧਾਨਕ ਤੌਰ ਤੇ ਜਾਇਜ਼ ਕਰਾਰ ਦੇਣ ਦੇ ਫੈਸਲੇ ਤੋਂ ਬਾਅਦ ਇਹ ਪਹਿਲੀਆਂ ਫਾਂਸੀਆਂ ਸਨ।

ਦੋਹਾਂ ਨੂੰ ਸਵੇਰੇ ਐਨ 7 ਵਜੇ ਲਟਕਾਇਆ ਗਿਆ ਜਿਵੇਂ ਕਿ ਜ਼ਿਲਾਂ ਜੱਜ ਐਮ. ਕੇ. ਚਾਵਲਾ ਨੇ ਕਾਲੇ ਵਾਰੰਟਾਂ ਵਿਚ ਲਿਖਿਆ ਸੀ। ਕਾਨੂੰਨ ਮੁਤਾਬਿਕ ਉਨ੍ਹਾਂ ਨੂੰ ਇਕ ਘੰਟਾ ਲਟਕਦੇ ਰਹਿਣ ਦਿਤਾ ਗਿਆ। ਡਾਕਟਰ ਵਲੋਂ ਮਰੇ ਕਰਾਰ ਦੇਣ ਤੇ ਉਨ੍ਹਾਂ ਦੀਆਂ ਲਾਸ਼ਾਂ ਉਹਨਾਂ ਦੇ ਰਿਸ਼ਤੇਦਾਰਾਂ ਹਵਾਲੇ ਕਰ ਦਿਤੀਆਂ। ਫਾਂਸੀ ਦੇਣ ਦੀ ਰਸਮ ਕਾਲੂ ਤੇ ਫਕੀਰਾ, ਜਿਹੜੇ ਕਿ ਕ੍ਰਮਵਾਰ ਮੇਰਠ ਤੇ ਪਟਿਆਲਾ ਦੇ ਪੇਸ਼ਾਵਰ ਜੱਲਾਦ ਹਨ, ਨੇ ਅਦਾ ਕੀਤੀ। ਜਦੋਂ ਦੋਵਾਂ ਭਰਾਵਾਂ ਨੂੰ 6 ਵੱਜ ਕੇ 55 ਮਿੰਟ ਤੇ ਫਾਂਸੀ ਦੀ ਕੋਠੀ ਲਿਜਾਇਆ ਜਾ ਰਿਹਾ ਸੀ ਉਹ ਸ਼ਾਂਤਚਿਤ ਸਨ। ਜਦੋਂ ਉਨ੍ਹਾਂ ਦੇ ਗਲੇ ਵਿਚ ਰੱਸੇ ਪਾਏ ਜਾ ਰਹੇ ਸਨ ਉਨ੍ਹਾਂ ਜੇਲ੍ਹ ਅਧਿਕਾਰੀਆਂ ਵਲ ਮੂੰਹ ਕਰਦਿਆਂ ਕਿਹਾ: "ਜੇ ਜੇਲ੍ਹ ਵਿਚ ਸਾਡੇ ਤੋਂ ਕੋਈ ਗਲਤੀ ਹੋ ਗਈ ਹੋਵੇ, ਮੁਆਫ ਕਰਦੇਣ।"

ਫਾਂਸੀ ਦੇਣ ਤੋਂ ਪਹਿਲਾਂ ਉਹਨਾਂ ਨੂੰ ਦੁਧ ਤੇ ਡਬਲਰੋਟੀ ਦਿਤੀ ਗਈ। ਸਬ ਡਵੀਯਨਲ ਮਜਿਸਟਰੇਟ ਐਸ. ਸੀ. ਗੁਪਤਾ ਨੇ ਉਨਾਂ ਦੀ ਵਸੀਅਤ ਰਿਕਾਰਡ ਕੀਤੀ। ਕਰਤਾਰ ਨੇ ਰਾਜਸਥਾਨ ਦੇ ਭਰਤਪੁਰ ਜ਼ਿਲੇ ਵਿਚ ਆਪਣੇ ਪਿੰਡ ਸਹਿਸੋਂ ਦੀ ਜ਼ਮੀਨ ਬਾਰੇ ਗਲ ਕੀਤੀ ਜਦ ਕਿ ਉਜਾਗਰ ਨੇ ਆਪਣੇ ਪਰਿਵਾਰ ਦੇ ਮੈਂਬਰਾਂ ਨੂੰ ਉਸ ਦੀਆਂ ਤਿੰਨ ਲੜਕੀਆਂ ਦਾ ਵਿਆਹ ਕਰਨ ਬਾਰੇ ਬੇਨਤੀ ਕੀਤੀ।

ਅੱਖਾਂ ਦੀ ਮਾਹਰ ਡਾਕਟਰ ਐਨ. ਐਸ. ਜੈਨ ਦੀ ਪਤਨੀ ਸ੍ਰੀਮਤੀ ਵਿਦਿਆ ਜੈਨ ਨੂੰ ਦੋਹਾਂ ਭਰਾਵਾਂ ਨੇ 4 ਦਸੰਬਰ 1973 ਨੂੰ ਡੀਫੈਂਸ ਕਲੋਨੀ ਵਿਚ ਉਸਦੇ ਘਰ ਦੇ ਬਾਹਰ ਕਤਲ ਕਰ ਦਿਤਾ ਸੀ। ਮੁਕਦਮਾ 1974 ਵਿਚ ਸ਼ੁਰੂ ਹੋਇਆ ਅਤੇ 7 ਦੋਸ਼ੀਆਂ ਜਿਨਾਂ ਵਿਚ ਡਾਕਟਰ ਜੈਨ, ਉਸਦੀ ਸਕੱਤਰ ਸ੍ਰੀਮਤੀ ਚੰਦਰੇਸ਼ ਸ਼ਰਮਾ ਫੌਜੀ ਹੌਲਦਾਰ ਰਕੇਸ਼ ਕੌਸ਼ਿਕ, ਇਕ ਫਾਰਮ ਵਰਕਰ ਭਾਗੀਰਥ ਅਤੇ ਕਲਿਆਣ ਗੁਪਤਾ ਸ਼ਾਮਲ ਸਨ, ਨੂੰ 26 ਜੁਲਾਈ 1975 ਨੂੰ ਜਿਹਨਾਂ ਤੇ ਸੈਸ਼ਨ ਜਜ ਕੇ. ਐਸ. ਸਿਧੂ ਨੇ ਉਮਰ ਕੈਦ ਦੀ ਸਜ਼ਾ ਸੁਣਾਈ ਸੀ।

ਸਾਰੇ ਦੋਸ਼ੀਆਂ ਨੇ ਫੈਸਲੇ ਵਿਰੁਧ ਅਪੀਲ ਕੀਤੀ। 29 ਸਤੰਬਰ 1977 ਨੂੰ ਦਿਲੀ ਹਾਈਕੋਰਟ ਨੇ ਕਰਤਾਰ ਤੇ ਉਜਾਗਰ ਦੀ ਸਜ਼ਾ ਵਧਾ ਕੇ ਫਾਂਸੀ ਦੀ ਕਰ ਦਿਤੀ ਜਦ ਕਿ ਬਾਕੀਆਂ ਦੀ ਸਜ਼ਾ ਉਹੀ ਰਹਿਣ ਦਿਤੀ।

ਕੇਂਦਰ-ਰਾਜ ਸਬੰਧਾਂ ਬਾਰੇ ਸੰਮੇਲਨ ਦਸੰਬਰ ਜਨਵਰੀ ਵਿਚ

ਨਵੀਂ ਦਿੱਲੀ—ਸ੍ਰੀ ਨਗਰ ਵਿਚ ਹੋਏ ਕੇਂਦਰ ਰਾਜ ਸਬੰਧਾਂ ਬਾਰੇ ਗਲਬਾਤ ਅੱਗੇ ਦਸੰਬਰ ਜਾਂ ਜਨਵਰੀ ਵਿਚ ਕਲਕੱਤੇ ਵਿਚ ਵਿਚਾਰੀ ਜਾਵੇਗੀ। ਯਾਦ ਰਹੇ ਕਿ ਕੇਂਦਰ ਸਰਕਾਰ ਵਲੋਂ ਪਹਿਲਾ ਸਰਕਾਰੀਆ ਕਮਿਸ਼ਨ ਕੇਂਦਰ ਤੇ ਰਾਜਾਂ ਦੇ ਸਬੰਧਾਂ ਬਾਰੇ ਵਿਚਾਰ ਕਰ ਰਿਹਾ ਹੈ। ਇਸ ਸੰਮੇਲਨ ਵਿਚ ਵਿਚਾਰੇ ਗਏ ਮਸਲੇ ਕੇਂਦਰੀ ਕਮਿਸ਼ਨ ਸਾਹਮਣੇ ਰੱਖੇ ਜਾਣਗੇ

ਉਸ ਮੇਂ ਦੁਨੀਆਦਾਰ ਕਹਾਂ ਔਰ ਇਸ਼ਕੇ ਸਾਦਾ ਲੂਹ ਕਹਾਂ
ਹਮ ਨੇ ਰਫਤਾ ਰਫਤਾ ਉਸਕੋ ਅਪਣੇ ਰੰਗ ਮੇਂ ਢਾਲਾ ਹੈ

ਛੋਟੇ ਸਾਹਿਬਜ਼ਾਦੇ ਸ਼ਹੀਦੀ ਅਤੇ ਸਸਕਾਰ

ਹਰਚੰਦ ਸਿੰਘ (ਮੈਨੀਟੋਬਾ)

ਆਦਰਣੀਯ ਗਿਆਨੀ ਜੀ ਦੇ ਸ਼ੁਭ ਵਿਚਾਰ ਅਨੁਸਾਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਦੇ ਮ੍ਰਿਤਕ ਸਰੀਰਾਂ ਦਾ ਸਸਕਾਰ, ਮਲੇਰ ਕੋਟਲਾ ਦੇ ਨਵਾਬ ਨੇ ਕੀਤਾ। ਇਸ ਸਬੰਧ ਵਿਚ ਗਿਆਨੀ ਜੀ ਦੇ ਆਪਣੇ ਸ਼ਬਦ ਇਸ ਪ੍ਰਕਾਰ ਹਨ:-

"ਕੀ ਨਵਾਬ ਮਲੇਰ ਕੋਟਲਾ ਗਲਤ ਸੀ, ਜਿਸ ਨੇ ਸੋਨੇ ਦੇ ਭਾਅ ਜ਼ਮੀਨ ਖਰੀਦ ਕੇ ਸਾਹਿਬਜ਼ਾਦਿਆਂ ਦੇ ਮ੍ਰਿਤਕ ਸਰੀਰਾਂ ਨੂੰ ਸਨਮਾਨ ਸਹਿਤ ਸਸਕਾਰਿਆ ?"

ਗਿਆਨੀ ਜੀ ਦੇ ਉਪਰੋਕਤ ਅਣਮੋਲ ਕਥਨ ਵਿਚ ਚਾਰ ਮੁੱਖ ਭਾਵ ਛੁੱਪੇ ਹੋਏ ਹਨ:-

ੳ. ਨਵਾਬ ਮਲੇਰ ਕੋਟਲਾ ਨੇ ਸਾਹਿਬਜ਼ਾਦਿਆਂ ਦੇ ਮ੍ਰਿਤਕ ਸਰੀਰਾਂ ਦਾ ਸਸਕਾਰ ਕੀਤਾ।

ਅ. ਨਵਾਬ ਨੂੰ ਸਸਕਾਰ ਕਰਨ ਲਈ ਜ਼ਮੀਨ ਖਰੀਦਨੀ ਪਈ।

ੲ. ਉਸ ਨੇ ਇਹ ਜ਼ਮੀਨ ਬੜੀ ਮਹਿੰਗੀ (ਸੋਨੇ ਦੇ ਭਾਅ) ਖਰੀਦੀ।

ਸ. ਨਵਾਬ ਮਲੇਰ ਕੋਟਲਾ ਗੁਰੂ ਗੋਬਿੰਦ ਸਿੰਘ ਅਤੇ ਉਸ ਦੇ ਸਿੱਖਾਂ ਨਾਲ ਖਾਸ ਹਮਦਰਦੀ ਰੱਖਦਾ ਸੀ।

ਆਓ, ਵੇਖੀਏ ਕਿ ਉਪਰੋਕਤ ਚਾਰ ਬਿਆਨ ਇਤਿਹਾਸ ਦੀ ਕਸਵੱਟੀ ਤੇ ਕਿਥੋਂ ਤਾਈਂ ਪੂਰੇ ਉਤਰਦੇ ਹਨ।

ਸਾਡੇ ਆਦਰਣੀਯ ਗਿਆਨੀ ਜੀ ਨੇ ਆਪਣੇ ਸੁਭਾਅ ਅਨੁਸਾਰ ਇਕ ਭਾਵੁਕ ਪਰ ਬੜਾ ਵਿਆਪਕ ਅਤੇ ਅਸਪਸ਼ਟ ਕਥਨ ਕਰ ਕੇ ਆਪਣੇ ਹਲਕੇ [superdicial] ਗਿਆਨ ਦਾ ਪ੍ਰਗਟਾਵਾ ਤਾਂ ਕਰ ਦਿੱਤਾ,ਪਰ ਨਵਾਬ ਮਲੇਰ ਕੋਟਲਾ ਦੇ ਅਸਲ ਨਾਮ , ਉਸ ਦੇ ਨਾਜ਼ਮ ਵਜ਼ੀਰ ਖਾਂ ਨਾਲ ਸਬੰਧ ਅਤੇ ਉਸ ਦੇ ਆਪ ਪਿਛੋਕੜ ਤੇ ਰੋਸ਼ਨੀ ਪਾਉਣ ਦੀ ਕੋਈ ਲੋੜ ਨਹੀਂ ਸਮਝੀ। ਜਦੋਂ ਤਾਈਂ ਪਾਠਕ ਨਵਾਬ ਦੇ ਪਿਛੋਕੜ ਅਤੇ ਉਸ ਦੇ ਉਸ ਸਮੇਂ ਦੇ ਸਰਕਾਰੀ ਢਾਂਚੇ ਵਿਚ ਸਹੀ ਅਸਥਾਨ ਤੋਂ ਜਾਣੂ ਨਹੀਂ ਹੋ ਜਾਂਦੇ,ਓਦੋਂ ਤਾਈਂ ਉਹ ਉਪਰ ਲਿਖਤ ਚਾਰ ਤਥਾਂ ਦੀ ਅਸਲੀਅਤ ਨੂੰ ਸਮਝਣ ਦੇ ਯੋਗ ਨਹੀਂ ਹੋ ਸਕਦੇ।

ਸਾਡੇ ਲਈ ਇਹ ਜਾਣਨਾ ਜਰੂਰੀ ਹੈ ਕਿ ਨਵਾਬ ਮਲੇਰ ਕੋਟਲਾ ਕੌਣ ਸੀ, ਸੂਬਾ ਸਰਹਿੰਦ ਦੇ ਪ੍ਰਸ਼ਾਸਨ ਅਤੇ ਸ਼ਾਹੀ ਫੌਜ ਵਿਚ ਉਸ ਦਾ ਕੀ ਸਥਾਨ ਸੀ, ਅਤੇ ਗੁਰੂ ਗੋਬਿੰਦ ਸਿੰਘ ਪ੍ਰਤੀ ਉਹ ਕੀ ਮਨੋ-ਵ੍ਰਿਤੀ ਰੱਖਦਾ ਸੀ?

ਨਵਾਬ ਮਲੇਰ ਕੋਟਲਾ ਦਾ ਅਸਲ ਨਾਮ ਸ਼ੇਰ ਮੁਹੰਮਦ ਖਾਂ ਸੀ। ਸੂਬਾ ਸਰਹੰਦ ਦੇ ਪ੍ਰਸ਼ਾਸਨ ਵਿਚ ਉਹ ਦੂਜੇ ਨੰਬਰ ਦਾ ਉਚ ਅਧਿਕਾਰੀ ਸੀ। ਵਜ਼ੀਰ ਖਾਂ ਸਰਹੰਦ ਦਾ ਨਾਜ਼ਮ [Chief Administrator]ਅਤੇ ਸ਼ੇਰ ਮੁਹੰਮਦ ਖਾਂ ਨਾਇਬ ਨਾਜ਼ਮ ਸੀ। ਨਾਇਬ ਨਾਜ਼ਮ ਹੁੰਦਿਆਂ ਹੋਇਆ ਉਹ ਔਰੰਗਜ਼ੇਬ ਦੀ ਫੌਜ ਦਾ ਇਕ ਵੱਡਾ ਕਮਾਂਡਰ ਵੀ ਸੀ। ਸਾਡੇ ਸਮੇਂ ਵਿਚ ਸੂਬਿਆਂ ਦੇ ਨਾਜ਼ਮ ਜਾਂ ਗਵਰਨਰ ਕੇਵਲ ਸਿਵਲੀਅਨ ਹੀ ਹੁੰਦੇ ਹਨ, ਪਰ ਉਸ ਸਮੇਂ ਦੇ ਮੁਸਲਮਾਨਾਂ ਦੇ ਰਾਜ ਵਿਚ ਇਕ ਬਹਾਦੁਰ ਫੌਜੀ ਹੀ ਕਿਸੇ ਸੂਬੇ ਦਾ ਗਵਰਨਰ ,ਨਾਜ਼ਮ ਜਾਂ ਨਾਇਬ ਨਾਜ਼ਮ ਬਣ ਸਕਦਾ ਸੀ।

ਸ਼ੇਰ ਮੁਹੰਮਦ ਖਾਂ ਦਾ ਇਕ ਭਾਈ ਨਾਹਰ ਖਾਂ ਸੀ, ਉਹ ਵੀ ਸ਼ਾਹੀ ਫੌਜ ਦਾ ਕਮਾਂਡਰ ਸੀ। ਚਮਕੌਰ ਗੜ੍ਹੀ ਦੀ ਲੜਾਈ ਸਮੇਂ ਨਾਹਰ ਖਾਂ ਗੁਰੂ ਗੋਬਿੰਦ ਸਿੰਘ ਜੀ ਦੇ ਤੀਰ ਨਾਲ ਮਾਰਿਆ ਗਿਆ ਸੀ। ਮਲੇਰ ਕੋਟਲਾ ਦੇ ਦੋ ਹੋਰ ਪਠਾਨ ਗੁਲ ਸ਼ੇਰ ਖਾਂ ਅਤੇ ਖਵਾਜਾ ਖਿਜਰ ਖਾਂ (ਜਿਸ ਨੂੰ ਖਵਾਜਾ ਮੁਹੰਮਦ ਖਾਂ ਵੀ ਕਿਹਾ ਜਾਂਦਾ ਹੈ) ਸਨ। ਇਹਨਾਂ ਵਿਚੋਂ ਗੁਲ ਸ਼ੇਰ ਖਾਂ ਗੁਰੂ ਜੀ ਦੇ ਦੋ ਤੀਰ ਖਾ ਬੁਰੀ ਤਰਾਂ ਘਾਇਲ ਹੋ ਗਿਆ ਸੀ। ਇਹ ਦੋਨੋ ਭਰਾ ਸ਼ੇਰ ਮੁਹੰਮਦ ਖਾਂ ਦੇ ਨਜ਼ਦੀਕੀ ਰਿਸ਼ਤੇਦਾਰ (ਭਤੀਜੇ) ਸਨ। ਇਹਨਾਂ ਪਠਾਣਾਂ ਦੇ ਸਬੰਧ ਵਿਚ ਸਿੱਖ ਇਤਿਹਾਸਕਾਰ ਗਿਆਨੀ ਗਿਆਨ ਸਿੰਘ , 'ਚਮਕੌਰ ਦੇ ਗਿਰਦੇ ਘੇਰਾ' ਦੇ ਸਿਰਲੇਖ ਹੇਠ ਇਉਂ ਲਿਖਦੇ ਹਨ:-

"ਰਾਜੇ ਕਹਿਲੂਰੀ (ਜੋ ਲੜਾਈ ਵਿਚ ਸ਼ਾਹੀ ਫੌਜਾਂ ਦਾ ਸਾਥ ਦੇ ਰਿਹਾ ਸੀ) ਨੇ ਪਿੰਡ (ਚਮਕੌਰ) ਦੇ ਲੋਕਾਂ ਤੋਂ ਪੁੱਛਿਆ ਕਿ ਗੁਰੂ ਸਾਹਿਬ ਨਾਲ ਕਿੰਨ੍ਹੀ ਕੁ ਫੌਜ ਏਸ ਗੜ੍ਹੀ ਵਿਚ ਵੜੀ ਹੈ। ਓਨ੍ਹਾਂ ਆਖਿਆ ਮਹਾਰਾਜ ਜਦ ਆਏ ਸੀ ਤਦ ਤਾਂ ਕੇਵਲ ਚਾਲੀ ਪੰਜਾਹ ਸਿੰਘ ਸਨ, ਤੇ ਫੇਰ ਰਾਤ ਨੂੰ ਹੋਰ ਫੌਜ ਆਈ ਸੁਣੀ ਹੈ , ਉਹ ਖਬਰ ਨਹੀਂ ਕਿੰਨੀ ਕੁ ਹੈ। ਇਹ ਗੱਲ ਸੁਣ ਕੇ ਸੂਬਾ ਵਜ਼ੀਦ ਖਾਂ ਤੇ ਰਾਜਾ ਕਹਿਲੂਰੀ ਅਚਰਜ ਰਹਿ ਗਏ ਕਿ ਐਨੀ ਤਾਕਤ ਲੜਾਈ ਦੀ ਇਹਨਾਂ ਵਿਚ ਕਿੱਥੋਂ ਆ ਗਈ, ਜੋ ਹਾਰਨ ਵਿਚ ਨਹੀਂ ਆਉਂਦੇ। ਕਈ ਲੱਖ ਸ਼ਾਹੀ ਸਪਾਹੀ ਦੇ ਦੰਦ ਖੱਟੇ ਕਰ ਰਹੇ ਹਨ। ਇਹ ਗੱਲ ਸੁਣਕੇ ਨਵਾਬ ਖਿਜ਼ਰ ਖਾਂ (ਮਲੇਰ ਕੋਟੀਆ) ਬੋਲਿਆ, ਨਾਜ਼ਮ ਸਾਹਿਬ , ਜਿਸ ਗੁਰੂ ਨੇ ਅਨੰਦ ਪੁਰ ਵਿਚ ਦੋ ਚਾਰ ਹਜ਼ਾਰ ਸਿੱਖ ਨਾਲ ਹੀ ਕਈ ਲੱਖ ਸਪਾਹੀ ਨੂੰ ਕੱਖ ਚੁਗਾ ਛੱਡੇ ਤੇ ਪੰਜ ਮਹੀਨੇ ਜੰਗ ਗਰਮ ਰੱਖਿਆ , ਉਹ ਇਥੇ ਖਵਰੇ ਕਿੰਨੇ ਦਿਨ ਸ਼ਾਹੀ ਸੈਨਾ ਨਿਬ੍ਰੇੜੇਗਾ। ਏਸ (ਗੁਰੂ ਗੋਬਿੰਦ ਸਿੰਘ) ਨੂੰ ਤੁਸੀਂ ਆਦਮੀ ਨਾ ਸਮਝੋ, ਸੱਚ ਮੁਚ ਫਰੇਸ਼ਤਾ ਹੈ। ਵਜ਼ੀਦ ਖਾਂ ਨੇ ਆਖਿਆ ਨਵਾਬ ਜੀ ! ਆਪ ਜਹੇ ਸੱਚੇ ਬਹਾਦਰ ਅੱਗੇ ਫਰੇਸ਼ਤੇ ਵੀ ਪਾਣੀ ਭਰਦੇ ਹਨ । ਇਹ ਆਪਣੀ ਵਡਿਆਈ ਸੁਣਕੇ ਮਲੇਰ ਕੋਟੀਏ ਖਲ ਵਾਂਙੂੰ ਫੁੱਲ ਗਏ। ਖਵਾਜਾ ਖਿਜ਼ਰ ਖਾਂ, ਗੁਲਸ਼ੇਰ ਖਾਂ ਆਪਣੇ ਚੁਣਵੇਂ ਜੋਧਿਆ ਨੂੰ ਲੈ ਕੇ ਗੁਰੂ ਜੀ ਦਾ ਨਾਮ ਲੈ ਲੈ ਲਲਕਾਰੇ ਮਾਰਨ ਲੱਗੇ। ਗੁਰੂ ਸਾਹਿਬ ਓਥੇ ਅਟਾਰੀ ਵਿਚ ਬੀਰਾਸਨ (ਬੀਰ ਆਸਨ) ਬੈਠੇ ਬਾਣ ਮਾਰ ਮਾਰ , ਜੋ ਇਕ ਇਕ ਕਈਆਂ ਨੂੰ ਵਿੰਨਦਾ ਸੀ, ਵੈਰੀਆਂ ਨੂੰ ਲਿਟਾ ਰਹੇ ਸਨ। ਗੁਰੂ ਜੀ ਨੇ ਪਠਾਨਾਂ ਦੀ ਆਵਾਜ ਸੁਣ ਕੇ ਓਧਰ ਤਕ ਕੇ ਇਕ ਤੀਰ ਨਾਹਰ ਖਾਂ ਨੂੰ ਬਖਸ਼ਿਆ, ਜਿਸ ਨੇ ਉਥੱਲ ਕੇ ਉਸਨੂੰ ਵੀਹਾਂ ਕਦਮਾਂ ਤੇ ਜਾ ਸਿੱਟਿਆ, ਲਹੂ ਦੀ ਧਾਰ ਗੰਗਾ ਦੇ ਫੁਹਾਰੇ ਵਾਂਙੂ ਅਜੇਹੀ ਛੁੱਟੀ ਜੋ ਤੜਫ ਤੜਫ ਕੇ ਮਰ ਗਿਆ, ਉਸਨੂੰ ਵੇਖਦੇ ਹੀ ਦੋਵੇਂ ਭਾਈ (ਖਵਾਜਾ ਖਿਜ਼ਰ ਖਾਂ ਅਤੇ ਗੁਲਸ਼ੇਰ ਖਾਂ) ਅੱਗ ਦੇ ਭਬੂਕੇ ਵਾਂਙੂ ਉਠੇ ਤੇ ਬੁਰਾ ਭਲਾ ਬੋਲ ਕੇ ਗੁਰੂ ਜੀ ਵੱਲ ਤੀਰ ਛੱਡਣ ਲੱਗੇ।"

ਚਰਚਾ

ਏਸੇ ਪ੍ਰਸੰਗ ਵਿਚ ਗਿਆਨੀ ਗਿਆਨ ਸਿੰਘ ਨੇ ਗੁਰੂ ਦੇ ਦੋ ਤੀਰ ਗੁਲ ਸ਼ੇਰ ਖਾਂ ਦੇ ਸਰੀਰ ਵਿਚ ਲੱਗਣ ਦੀ ਗਲ ਵੀ ਕਹੀ ਹੈ ।

ਸਯਦ ਮੁਹੰਮਦ ਲਤੀਫ ਦੱਸਦੇ ਹਨ ਕਿ ਜਦ ਗੁਰੂ ਜੀ ਆਪਣੇ ਸਿੱਖਾਂ ਸਮੇਤ ਚਮਕੌਰ ਦੀ ਗੜ੍ਹੀ ਵਿਚ ਘਿਰੇ ਹੋਏ ਸਨ ਤਾਂ ਮਲੇਰ ਕੋਟੀਏ ਕਮਾਂਡਰਾਂ, ਮੁਹੰਮਦ ਖ੍ਵਾਜਾ ਅਤੇ ਨਾਹਰ ਖਾਂ, ਨੇ ਆਪਣੇ ਸੰਦੇਸ਼ ਵਾਹਕ ਰਾਹੀਂ ਥੱਲੇ ਅੰਕਿਤ ਸੰਦੇਸ਼ ਗੁਰੂ ਜੀ ਪਾਸ ਭੇਜਿਆ :

"ਤੁਹਾਨੂੰ ਇਸ ਗਲ ਦਾ ਅਹਿਸਾਸ ਹੋਣਾ ਚਾਹੀਦਾ ਹੈ ਕਿ ਇਸ ਸਮੇਂ ਤੁਹਾਡੇ ਸਾਹਮਣੇ ਛੋਟੇ ਮੋਟੇ ਪਹਾੜੀ ਰਾਜਿਆਂ ਦੀ ਕਚੇਰੀ ਸੈਨਾ ਨਹੀਂ ਖੜੀ ਹੋਈ । ਹੁਣ ਤੁਹਾਡਾ ਵਾਹ ਮੁਗਲ-ਇ-ਆਜ਼ਮ, ਸ਼ਾਹ-ਇ-ਸ਼ਾਹਾਨ, ਗਰੀਬ ਪਰਵਰ, ਜਹਾਨ ਪਨਾਹ, ਆਲਮਗੀਰ ਔਰੰਗਜ਼ੇਬ ਦੀ ਅਜੇ ਫੌਜ ਨਾਲ ਪਿਆ ਹੋਇਆ ਹੈ । ਇਸ ਸਮੇਂ ਜੇ ਸੋਚਦੇ ਹੋ ਕਿ ਅਣਹੋਣੀ ਗਲ ਕਰਕੇ ਆਪਣੇ ਆਪ ਨੂੰ ਬਚਾ ਸਕਦੇ ਹੋ ਤਾਂ ਇਹ ਤੁਹਾਡੀ ਭਾਰੀ ਭੁੱਲ ਹੋਵੇਗੀ । ਤੁਹਾਡਾ ਭਲਾ ਇਸ ਵਿਚ ਹੈ ਕਿ ਤੁਰੰਤ ਲੜਾਈ ਦਾ ਰਾਹ ਛੱਡ ਮੁਗਲ ਬਾਦਸ਼ਾਹ ਦੀ ਅਧੀਨਗੀ ਸਵੀਕਾਰ ਕਰੋ ਅਤੇ ਇਸ ਦੇ ਨਾਲ ਹੀ ਆਪਣੇ ਕਾਫਰਾਨਾ ਮਜ਼ਹਬ ਨੂੰ ਤਿਆਗਦੇ ਹੋਏ ਇਸਲਾਮ ਦੇ ਡੰਡੇ ਥੱਲੇ ਆਓ ।

"ਗੁਰੂ ਜੀ ਦੇ ਨੇੜ ਬੈਠੇ ਹੋਏ ਅਠਾਰਾਂ ਸਾਲੇ ਯੁਵਕ ਅਜੀਤ ਸਿੰਘ ਨੇ ਇਹ ਗਲ ਸੁਣੀ ਤਾਂ ਜੋਸ਼ ਵਿਚ ਆ ਉਸ ਨੇ ਆਪਣੀ ਤਲਵਾਰ ਧੂ ਲਈ ਅਤੇ ਸੰਦੇਸ਼ ਵਾਹਕ ਨੂੰ ਕਿਹਾ ਕਿ ਜੇ ਤੇਰੇ ਮੂੰਹ ਵਿਚੋਂ ਇਕ ਹੋਰ ਸ਼ਬਦ ਨਿਕਲਿਆ ਤਾਂ ਤੇਰਾ ਸਿਰ ਧੜ ਤੋਂ ਵੱਖਰਾ ਕਰ ਦਿਤਾ ਜਾਏਗਾ ।"

ਮਲੇਰ ਕੋਟੀਏ ਨਵਾਬ, ਸਿੱਖ ਗੁਰੂ ਪ੍ਰਤੀ ਕਿੰਨੀ ਕੁ ਸ਼ਰਧਾ ਜਾਂ ਅਸ਼ਰਧਾ ਦਾ ਭਾਵ ਰੱਖਦੇ ਸਨ, ਇਸ ਗਲ ਦੀ ਜਾਣਕਾਰੀ ਸਾਨੂੰ ਸਯਦ ਮੁਹੰਮਦ ਲਤੀਫ, ਗਿਆਨੀ ਗਿਆਨ ਸਿੰਘ ਅਤੇ ਡਾਕਟਰ ਗੋਕਲ ਚੰਦ ਨਾਰੰਗ ਦੀਆਂ ਲਿਖਤਾਂ ਤੋਂ ਬੜੇ ਸਪਸ਼ਟ ਰੂਪ ਵਿਚ ਮਿਲ ਜਾਂਦੀ ਹੈ ।

ਮਲੇਰ ਕੋਟੀਏ(ਨਵਾਬ) ਕਮਾਂਡਰਾਂ ਨੇ ਗੁਰੂ ਜੀ ਦੇ ਵਿਰੁਧ ਅਨੰਦਪੁਰ ਦਾ ਜੰਗ ਮੂਹਰਲੀਆਂ ਸਫਾਂ ਵਿਚ ਖੜ ਕੇ ਲੜਿਆ । ਜਦ ਗੁਰੂ ਜੀ ਅਨੰਦਪੁਰ ਦਾ ਕਿਲ੍ਹਾ ਛੱਡ ਕੇ ਚਮਕੌਰ ਨੂੰ ਜਾ ਰਹੇ ਸਨ, ਤਾਂ ਮਲੇਰ ਕੋਟੀਏ ਕਮਾਂਡਰ ਉਹਨਾਂ ਦਾ ਪਿਛਾ ਕਰਨ ਵਿਚ ਸਭ ਤੋਂ ਵੱਧ ਸਰਗਰਮ ਸਨ । ਚਮਕੌਰ ਦੀ ਗੜੀ ਨੂੰ ਘੇਰਾ ਪਾ, ਦੋ ਵੱਡੇ ਸਾਹਿਬਜ਼ਾਦਿਆਂ ਅਤੇ ਚਾਲੀ ਸਿੰਘਾਂ ਨੂੰ ਸ਼ਹੀਦ ਕਰਨ ਵਿਚ ਮਲੇਰ ਕੋਟੀਏ ਕਿਸੇ ਤੋਂ ਪਿਛੇ ਨਹੀਂ ਸਨ । ਜੇਹਾ ਕਿ ਉਹ ਆਪਣੇ ਸ਼ਬਦਾਂ ਦੁਆਰਾ ਪ੍ਰਗਟ ਕਰ ਚੁੱਕੇ ਹਨ, ਮਲੇਰ ਕੋਟਲੇ ਦੇ ਨਵਾਬ ਗੁਰੂ ਗੋਬਿੰਦ ਸਿੰਘ ਨੂੰ ਇਕ ਗਲਤ ਧਰਮ ਦਾ ਧਾਰਨੀ, ਕਾਫਰ ਵਿਅਕਤੀ ਸਮਝਦੇ ਸਨ । ਮਲੇਰ ਕੋਟੀਏ ਔਰੰਬਜ਼ੇਬ ਬਾਦਸ਼ਾਹ ਦੇ ਨਮਕਹਲਾਲ ਨੌਕਰ ਅਤੇ ਸਿੱਖ ਗੁਰੂ ਦੇ ਖੂਨ ਦੇ ਪਿਆਸੇ ਸਨ ।

ਸਿੱਖਾਂ ਅਤੇ ਮਲੇਰ ਕੋਟਲਾ ਦੇ ਨਵਾਬਾਂ ਵਿਚਕਾਰ, ਜੋ ਨੇੜ ਦਾ ਸੰਬੰਧ ਪੈਦਾ ਹੋਇਆ, ਉਹ ਕਾਫੀ ਸਮਾਂ ਪਿਛੋਂ ਦੀ ਗਲ ਹੈ ।

ਰਤਨ ਸਿੰਘ ਭੰਗੂ, ਸਯਦ ਮੁਹੰਮਦ ਲਤੀਫ, ਡਾਕਟਰ ਗੋਕਲ ਚੰਦ ਨਾਰੰਗ ਆਦਿ ਇਤਿਹਾਸਕਾਰਾਂ ਨੇ ਸ਼ੇਰ ਮੁਹੰਮਦ ਦੇ ਭਰਾ ਦੀ ਮੌਤ ਗੁਰੂ ਜੀ ਹਥੋਂ ਹੋਣ ਦੀ ਪੁਸ਼ਟੀ ਕੀਤੀ ਹੈ। ਸ਼ੇਰ ਮੁਹੰਮਦ ਮਲੇਰ ਕੋਟੀਆ ਸ੍ਰੀ ਗੁਰੂ ਗੋਬਿੰਦ ਸਿੰਘ ਪ੍ਰਤੀ ਕੋਈ ਨੇਕ ਭਾਵ ਨਹੀਂ ਸੀ ਰੱਖਦਾ । ਭਰਾ ਦੀ ਮੌਤ ਦਾ ਬਦਲਾ ਲੈਣ ਦੀ ਤੀਬਰ ਇੱਛਾ ਉਹ ਆਪਣੇ ਦਿਲ ਅੰਦਰ ਲੁਕਾਈ ਬੈਠਾ ਸੀ, ਅਤੇ ਇਸ ਇੱਛਾ ਨੂੰ ਪੂਰਾ ਕਰਨ ਲਈ ਉਹ ਮੌਕੇ ਦੀ ਭਾਲ ਵਿਚ ਸੀ। ਸ਼ੇਰ ਮੁਹੰਮਦ ਖਾਂ ਦੇ ਸਿੱਖ ਗੁਰੂ ਪ੍ਰਤੀ ਵਿਚਾਰ ਇਤਿਹਾਸਕਾਰ ਸਤਿਬੀਰ ਸਿੰਘ ਦੇ ਅੱਖਰਾਂ ਤੋਂ ਭਲੀ ਪ੍ਰਕਾਰ ਸਪਸ਼ਟ ਹੋ ਜਾਂਦੇ ਹਨ :

"ਕਾਜ਼ੀ ਨੇ ਫਤਵਾ ਦਿੱਤਾ ਕਿ ਇਹ(ਸਾਹਿਬਜ਼ਾਦੇ) ਕਸੂਰਵਾਰ ਹਨ । ਇਨ੍ਹਾਂ ਨੂੰ ਨੀਹਾਂ ਵਿਚ ਚਿਣ ਕੇ ਸ਼ਹੀਦ ਕਰ ਦਿੱਤਾ ਜਾਏ । ਵਜ਼ੀਰ ਖਾਂ ਨੇ ਦੋਵੇਂ ਸਾਹਿਬਜ਼ਾਦੇ ਮਲੇਰ ਕੋਟਲੇ ਸ਼ੇਰ ਮੁਹੰਮਦ ਨੂੰ ਦੇਣ ਲਈ ਕਿਹਾ ਤੇ ਉਸ ਨੂੰ ਆਪਣੇ ਭਰਾ ਤੇ ਭਤੀਜੇ ਦਾ ਬਦਲਾ ਲੈਣ ਦੀ ਗੱਲ ਵੀ ਕਹੀ । ਸ਼ੇਰ ਮੁਹੰਮਦ ਖਾਂ ਨੇ ਆਖਿਆ ਕਿ ਜੇ ਗੁਰੂ ਗੋਬਿੰਦ ਸਿੰਘ ਮਿਲ ਜਾਂਦੇ ਤਾਂ ਜੰਗ ਵਿਚ ਸਿੱਝ ਲੈਂਦਾ । ਇਹਨਾਂ ਮਾਸੂਮਾਂ ਉਤੇ ਹੱਥ ਉਠਾਉਣਾ ਕਾਇਰਤਾ ਹੈ, ਬਹਾਦਰੀ ਨਹੀਂ ।"

ਤਵਾਰੀਖ ਖਾਲਸਾ ਦੇ ਲੇਖਕ ਨੇ ਏਸੇ ਗਲ ਨੂੰ ਇਹਨਾਂ ਸ਼ਬਦਾਂ ਰਾਹੀਂ ਵਰਨਣ ਕੀਤਾ ਨੂੰ :

"ਸਰਹੰਦ ਵਾਲੇ ਵਜ਼ੀਦ ਖਾਂ ਨੇ ਸਾਹਿਬਜ਼ਾਦਿਆਂ ਨੂੰ ਦੀਨ ਵਿਚ ਲਿਆਉਣ ਵਾਸਤੇ ਬਥੇਰੇ ਡਰਾਵੇ ਅਤੇ ਲਾਲਚ ਦਿਖਾਏ, ਪਰ ਓਨ੍ਹਾਂ ਇਕ ਨਾ ਮੰਨੀ, ਆਪਣਾ ਧਰਮ ਨਾ ਛਡਿਆ, ਦੇਹ ਛੱਡ ਦਿੱਤੀ । ਜਦ ਓਸ ਜ਼ਾਲਮ ਨੇ ਸਾਹਿਬਜ਼ਾਦਿਆਂ ਦੇ ਕਤਲ ਦਾ ਹੁਕਮ ਸੁਣਾਇਆ ਤਾਂ ਨਵਾਬ ਮੁਹੰਮਦ ਖਾਂ ਮਲੇਰ ਕੋਟਲੇ ਵਾਲੇ ਨੇ ਆਖਿਆ ਏਨਾਂ ਸ਼ੀਰ ਖੋਰ (ਦੁੱਧ ਪੀਣ ਵਾਲਿਆਂ) ਬੱਚਿਆਂ ਨੂੰ ਮਾਰਨਾ ਵੱਡਾ ਭਾਰੀ ਗੁਨਾਹ ਹੈ, ਫੇਰ ਏਨਾਂ ਮਾਸੂਮਾਂ ਦੇ ਮਾਰੇ ਤੇਰੀ ਨੇਕ ਨਾਮੀ ਨਹੀਂ, ਨੇਕ ਓਸੇ ਬਬਰ ਸ਼ੇਰ(ਗੁਰੂ) ਗੋਬਿੰਦ ਸਿੰਘ ਦੇ ਮਾਰਨ ਤੋਂ ਹੈ, ਜੇ ਮਾਰ ਸਕਦਾ ਹੈਂ ਤਾਂ ਓਸੇ ਸ਼ੇਰ ਖਦਾ ਦੇ ਨੂੰ ਮਾਰ, ਏਨਾਂ(ਬੱਚਿਆਂ) ਦਾ ਬੁਰਾ ਨਾ ਚਿਤਵ ।"

ਸ਼ੇਰ ਮੁਹੰਮਦ ਖਾਂ ਦੇ ਵਾਕਾਂ ਤੋਂ ਪਾਠਕ ਸਮਝ ਸਕਦੇ ਹਨ ਕਿ ਉਸ ਦੇ ਦਿਲ ਅੰਦਰ ਸਿੱਖਾਂ ਦੇ ਗੁਰੂ ਨੂੰ ਮਾਰਨ ਦਾ ਵਿਚਾਰ ਕਿੰਨਾ ਜ਼ਿਆਦਾ ਪ੍ਰਬਲ ਸੀ ।

ਕੇਵਲ ਆਹ ਦਾ ਨਾਅਰਾ

ਪ੍ਰਾਚੀਨ ਪੰਥ ਪ੍ਰਕਾਸ਼ ਦੇ ਕਰਤਾ ਦੇ ਸ਼ਬਦਾਂ ਅਨੁਸਾਰ,ਵਜ਼ੀਰ ਖਾਂ ਨੇ ਸ਼ੇਰ ਮੁਹੰਮਦ ਖਾਂ ਨੂੰ ਸੰਬੋਧਤ ਕਰਕੇ ਕਿਹਾ :

"ਤੁਮਰੋ ਮਾਰਯੋ ਗੁਰ ਨਾਹਰ ਖਾਂ ਭਾਈ ।
ਉਸ ਬੇਟੇ ਤੁਮ ਦੇਹੁ ਮਰਵਾਈ ।"

ਪਰ,

ਸ਼ੇਰ ਮੁਹੰਮਦ ਨਹਿ ਗਨੀ, ਬੋਲਿਯੋ ਸੀਸ ਹਿਲਾਇ ।
ਹਮ ਮਾਰੈਂ ਸ਼ੀਰ ਖੋਰਿਆਂ, ਜਗ ਮੇਂ ਔਜਸ ਆਇ ।

ਮਲੇਰ ਕੋਟੀਏ ਨਵਾਬ ਉਸ ਦੀ ਗਲ ਨਾ ਮੰਨੀ ਅਤੇ ਸਿਰ ਹਿਲਾ ਕੇ ਉੱਤਰ ਦਿਤਾ ਕਿ ਮਾਸੂਮ ਬੱਚਿਆਂ ਨੂੰ ਮਾਰਨ ਨਾਲ ਮੇਰੀ ਸੰਸਾਰ ਵਿਚ ਬਦਨਾਮੀ ਹੋਵੇਗੀ ।

ਉਠੈ, ਨਾ ਮਾਨੀ, ਹਾਹ ਨਾਰਾ ਮਾਰਾ ।
ਤੌ ਨਵਾਬ ਔਰ ਫਟਯੋ ਬਿਚਾਰਾ ।

ਮਲੇਰ ਕੋਟੀਏ ਉੱਠ ਖੜੋਤਾ, ਉਸ ਨੇ ਵਜ਼ੀਰ ਖਾਂ ਦੀ ਗਲ ਨਾ ਮੰਨੀ। ਉਸ ਆਹ ਦਾ ਨਾਹਰਾ ਮਾਰਿਆ । ਵਜ਼ੀਰ ਖਾਂ ਮਾਸੂਮ ਬੱਚਿਆਂ ਨੂੰ ਖਤਮ ਕਰਨ ਲਈ ਹੋਰ ਉਪਾ ਸੋਚਣ ਲੱਗਾ ।

ਇਸ ਵਿਸ਼ੇ ਤੇ ਸਭ ਇਤਿਹਾਸਕਾਰ ਇਕ ਰਾਇ ਰੱਖਦੇ ਹਨ ਕਿ ਨਵਾਬ ਮਲੇਰ ਕੋਟਲਾ ਨੇ ਛੇ ਅੱਠ ਸਾਲ ਦੇ ਮਾਸੂਮ ਬੱਚਿਆਂ ਲਈ ਕੇਵਲ ਆਹ ਦਾ ਨਾਹਰਾ ਮਾਰਿਆ ਸੀ । ਇਸ ਤੋਂ ਵੱਧ ਉਸ ਨੇ ਕੁਝ ਨਹੀਂ ਕੀਤਾ ਅਤੇ ਨਾ ਹੀ ਉਹ ਕੁਝ ਕਰ ਸਕਦਾ ਸੀ । ਇਹ ਕਹਿਣਾ ਕਿ :

1. ਨਵਾਬ ਨੇ ਬੱਚਿਆਂ ਦੇ ਮ੍ਰਿਤਕ ਸਰੀਰਾਂ ਦਾ ਸਸਕਾਰ ਕੀਤਾ,
2. ਉਸ ਨੇ ਸਸਕਾਰ ਕਰਨ ਲਈ ਜ਼ਮੀਨ ਖਰੀਦੀ,
3. ਅਤੇ ਇਹ ਜ਼ਮੀਨ ਸੋਨੇ ਦੇ ਭਾਅ ਖਰੀਦੀ ਗਈ,

ਇਹ ਤਿੰਨੇ ਤੱਥ ਕਿਸੇ ਅੱਖੜ ਮਨ ਦੀ ਉਪਜ ਤਾਂ ਸਮਝੇ ਜਾ ਸਕਦੇ ਹਨ, ਪਰ ਇਹਨਾਂ ਦਾ ਇਤਿਹਾਸਕ ਸਚਾਈ ਨਾਲ ਦੂਰ ਦਾ ਵੀ ਰਿਸ਼ਤਾ ਨਹੀਂ ਹੈ । ਇਕ ਤਿਲ ਮਾਤਰ ਬੁੱਧੀ ਰੱਖਣ ਵਾਲਾ ਵਿਅਕਤੀ ਵੀ ਇਹਨਾਂ ਤੱਥਾਂ ਨੂੰ ਮੰਨਣ ਲਈ ਤਿਆਰ ਨਹੀਂ ਹੋ ਸਕਦਾ । ਸੋਚਣ ਵਾਲੀ ਪਹਿਲੀ ਗੱਲ ਇਹ ਹੈ ਕਿ ਸੂਬੇ ਦਾ ਨਾਜ਼ਮ ਤਾਂ ਬੇਰਹਿਮੀ ਨਾਲ ਬੱਚਿਆਂ ਨੂੰ ਖਤਮ ਕਰ ਦੇਣ ਦਾ ਹੁਕਮ ਦੇਵੇ ਤੇ ਉਸਦਾ ਨਾਇਬ ਉਹਨਾਂ ਬੱਚਿਆਂ ਦੇ ਮ੍ਰਿਤਕ ਸਰੀਰਾਂ ਦਾ ਸਤਿਕਾਰ ਸਹਿਤ ਸਸਕਾਰ ਕਰੇ, ਕੀ ਇਹ ਅਆਪਣੇ ਅਫਸਰ ਦੇ ਫੈਸਲੇ ਦੀ ਸਪਿਰਿਟ ਦੀ ਉਲੰਘਣਾ ਕਰਨ ਵਾਲੀ ਗਲ ਨਹੀਂ ਹੈ ? ਦੂਜੀ ਗੱਲ, ਸ਼ੇਰ ਮੁਹੰਮਦ ਸੂਬੇ ਦਾ ਨੰਬਰ ਦੋ ਅਧਿਕਾਰੀ ਹੋਵੇ, ਅਤੇ ਉਸਨੂੰ ਸਸਕਾਰ ਕਰਨ ਲਈ ਜ਼ਮੀਨ ਨਾ ਮਿਲੇ, ਇਹ ਗਲ ਕੇਵਲ ਕੋਈ ਬੁੱਧੀ ਤੋਂ ਕੋਰਾ ਆਦਮੀ ਹੀ ਸੋਚ ਸਕਦਾ ਹੈ। ਤੀਜੇ, 'ਸੂਬੇ ਦੇ ਨਾਇਬ ਨਾਜ਼ਮ ਨੇ ਆਪਣੇ ਹੀ ਸ਼ਾਸਨ ਵਿਚ ਜ਼ਮੀਨ ਖਰੀਦੀ ਹੀ ਨਹੀਂ, ਸਗੋਂ ਸੋਨੇ ਦੇ ਭਾਅ ਖਰੀਦੀ', ਇਹ ਕਥਨ ਲਿਖਾਰੀ ਨੂੰ ਆਪਣੇ ਪਾਠਕਾਂ ਦੇ ਸਾਹਮਣੇ ਇਕ ਅਤਿ ਸਿੱਧੜ ਵਿਅਕਤੀ ਦੇ ਰੂਪ ਵਿਚ ਪੇਸ਼ ਕਰਕੇ ਰੱਖ ਦੇਂਦਾ ਹੈ। ਪਰ ਜੇ ਕੋਈ ਵਿਅਕਤੀ ਐਸਾ ਕਰਨ ਵਿਚ ਆਪਣੀ ਖੁਸ਼ੀ ਮਹਿਸੂਸ ਕਰਦਾ ਹੈ ਤਾਂ ਇਸ ਵਿਚ ਕਿਸੇ ਨੂੰ ਕੀ ਸ਼ਕਾਇਤ ਹੋ ਸਕਦੀ ਹੈ ।

ਛੇ ਅਤੇ ਅਠ ਸਾਲ ਦੇ ਮਾਸੂਮ ਬੱਚਿਆਂ ਦੇ ਵਜ਼ੀਰ ਖਾਂ ਦੇ ਹੁਕਮ ਨਾਲ ਬੇਰਹਿਮੀ ਨਾਲ ਮਾਰੇ ਜਾਣ ਦੀ ਘਟਨਾ ਨੇ ਮੁਸਲਮਾਨ ਇਹਿਾਸਕਾਰਾਂ ਨੂੰ ਬੜੀ ਉਲਝਣ ਅਤੇ ਪਸ਼ੇਮਾਨੀ ਦੀ ਹਾਲਤ ਵਿਚ ਪਾ ਦਿੱਤਾ ਹੈ। ਇਸ ਘਟਨਾ ਦਾ ਵਰਨਣ ਕਰਦੇ ਹੋਏ ਸਯਤ ਮੁਹੰਮਦ ਲਤੀਫ ਜੇਹਾ ਉੱਚ-ਕੋਟੀ ਦਾ ਇਤਿਹਾਸਕਾਰ ਵੀ ਡੋਲ ਜਾਂਦਾ ਹੈ । ਸਚਾਈ ਨੂੰ ਛੱਡ ਉਹ ਪੱਖਪਾਤ ਦੀ ਰੌ ਵਿਚ ਬਹਿ ਜਾਂਦਾ ਹੈ । ਕਦੇ ਉਹ ਕਹਿੰਦਾ ਹੈ ਕਿ ਇਸਲਾਮੀ ਸ਼ਰਾ ਮਾਸੂਮ ਬੱਚਿਆਂ ਨੂੰ ਮਾਰਨ ਦੀ ਆਗਿਆ ਨਹੀਂ ਦੇਂਦੀ । ਕਦੇ ਉਹ ਇਸ ਅਪਰਾਧ ਦੀ ਜ਼ਿੰਮੇਵਾਰੀ ਦੀਵਾਨ ਸੁੱਚਾ ਨੰਦ ਤੇ ਪਾਉਣ ਦਾ ਜਤਨ ਕਰਦਾ ਹੈ। ਕਦੇ ਉਹ ਇਕ ਕੁਲਜਸ ਨਾਮੀ ਹਿੰਦੂ ਨੂੰ ਬੱਚਿਆਂ ਦਾ ਅਸਲ ਕਾਤਲ ਦੱਸਦਾ ਹੈ। ਜੇ ਬੱਚਿਆਂ ਦੇ ਸਰੀਰਾਂ ਦਾ ਸਸਕਾਰ ਸਚਮੁਚ ਕਿਸੇ ਮੁਸਲਮਾਨ ਨੇ ਕੀਤਾ ਹੁੰਦਾ ਤਾਂ ਲਤੀਫ ਅਤੇ ਉਸਦੇ ਧਰਮ ਭਾਈ ਲਿਖਾਰੀਆਂ ਨੇ ਇਸ ਗਲ ਦਾ ਬੜੇ ਜ਼ੋਰਦਾਰ ਲਫਜ਼ਾਂ ਵਿਚ ਵਰਨਣ ਕਰਨਾ ਸੀ ।

ਇਤਿਹਾਸ ਦੀ ਗਵਾਹੀ

ਉੱਚ ਦਰਜਾ ਦੇ ਸਿੱਖ ਲਿਖਾਰੀਆਂ, ਜਿਵੇਂ ਕਿ, ਭਾਈ ਸੰਤੋਖ ਸਿੰਘ, ਭਾਈ ਕਾਨ੍ਹ ਸਿੰਘ, ਭਾਈ ਵੀਰ ਸਿੰਘ, ਪ੍ਰੋਫੈਸਰ ਸਤਿਬੀਰ ਸਿੰਘ ਅਤੇ ਪ੍ਰੋਫੈਸਰ ਕਰਤਾਰ ਸਿੰਘ ਨੇ ਸਾਹਿਬਜ਼ਾਦਿਆਂ ਅਤੇ ਮਾਤਾ ਜੀ ਦੇ ਸਰੀਰਾਂ ਨੂੰ ਸਸਕਾਰ ਕਰਨ ਵਾਲੇ ਵਿਅਕਤੀ ਦਾ ਨਾਮ ਟੋਡਰ ਮਲ ਹੀ ਦੱਸਿਆ ਹੈ। ਗੁਰ ਬਿਲਾਸ ਪਾਤਸ਼ਾਹੀ 10 ਦੇ ਕਰਤਾ ਭਾਈ ਕੋਇਰ ਸਿੰਘ, ਰਤਨ ਸਿੰਘ ਭੰਗੂ, ਗਿਆਨ ਸਿੰਘ ਗਿਆਨੀ, ਖਜ਼ਾਨ ਸਿੰਘ ਅਤੇ ਨਾਰੈਣ ਸਿੰਘ ਨੇ ਆਪਣੀਆਂ ਲਿਖਤਾਂ ਵਿਚ ਬੱਚਿਆਂ ਦੇ ਸਸਕਾਰ ਬਾਰੇ ਕੁਝ ਨਹੀਂ ਲਿਖਿਆ । ਸ੍ਰੀ ਗੁਰੂ ਸੋਭਾ ਦੇ ਕਰਤਾ ਕਵੀ ਸੈਨਾ ਪਤਿ, ਮਹਿਮਾ ਪ੍ਰਕਾਸ਼ ਦੇ ਕਰਤਾ ਸਰੂਪ ਦਾਸ ਭੱਲਾ, ਤਾਰੀਖ-ਇ-ਪੰਜਾਬ ਦੇ ਲੇਖਕ ਕਨ੍ਹੱਈਆ ਲਾਲ ਅਤੇ ਡਾਕਟਰ ਗੋਕਲ ਚੰਦ ਨਾਰੰਗ ਆਦਿ ਹਿੰਦੂ ਇਤਿਹਾਸਕਾਰਾਂ ਨੇ ਸਰੀਰਾਂ ਦੇ ਸਸਕਾਰ ਦੇ ਵਿਸ਼ੇ ਨੂੰ ਨਹੀਂ ਛੋਹਿਆ । ਮ੍ਰਿਤਕ ਸਰੀਰਾਂ ਦਾ ਸਸਕਾਰ ਜੇ ਮੁਸਲਮਾਨ ਦੇ ਹਥੋਂ ਹੋਇਆ ਹੁੰਦਾ ਤਾਂ ਮੁਸਲਮ ਇਤਿਹਾਸਕਾਰਾਂ ਨੇ ਇਸ ਬ੍ਰਿਤਾਂਤ ਨੂੰ ਬੜੀ ਮਹੱਤਾ ਦੇਣੀ ਸੀ ਅਤੇ ਇਸ ਦੀ ਬੜੀ ਉਭਾਰ ਕੇ ਉਲੀਕਣਾ ਕਰਨੀ ਸੀ । ਪਰ ਬੂਟੇ ਸ਼ਾਹ ਅਤੇ ਮੁਹੰਮਦ ਲੀਤਫ ਨੇ ਇਸ ਵਿਸ਼ੇ ਦੇ ਇਕ ਲਫਜ਼ ਤਕ ਨਹੀਂ ਲਿਖਿਆ। ਅੰਗਰੇਜ਼ ਇਹਿਤਾਸਕਾਰਾਂ ਵਿਚੋਂ ਕਨਿੰਘਹੇਮ ਨੇ ਸਸਕਾਰ ਬਾਰੇ ਕੁਝ ਨਹੀਂ ਦੱਸਿਆ, ਪਰ ਮੇਕਾਲਫ ਨੇ ਬੱਚਿਆਂ ਅਤੇ ਮਾਤਾ ਜੀ ਦੇ ਸਰੀਰਾਂ ਦਾ ਸਸਕਾਰ ਕਰਨ ਵਾਲਾ ਵਿਅਕਤੀ ਟੋਡਰ ਮੱਲ ਜੋਹਰੀ ਹੀ ਮੰਨਿਆ ਹੈ ।

ਸਾਡੇ ਗਿਆਨ ਅੰਦਰ ਐਸਾ ਕੋਈ ਇਤਿਹਾਸਕਾਰ ਨਹੀਂ ਹੈ ਜਿਸ ਨੇ ਸਸਕਾਰ ਦੀ ਕ੍ਰਿਆ ਨਾਲ ਟੋਡਰ ਮਲ ਤੋਂ ਬਿਨਾਂ ਕਿਸੇ ਹੋਰ ਸਿੱਖ ਜਾਂ ਗੈਰ-ਸਿਖ ਵਿਅਕਤੀ ਦਾ ਨਾਮ ਜੋੜਿਆ ਹੋਵੇ ।

ਗਿਆਨੀ ਜੀ ਦਾ ਸੰਭਵ ਉੱਤਰ

ਸਵਾਲ ਉੱਠਦਾ ਹੈ ਕਿ ਸਾਡੇ ਆਦਰਨੀਯ ਗਿਆਨੀ ਜੀ ਨੇ ਸਾਹਿਬਜ਼ਾਦਿਆਂ ਦੇ ਸਸਕਾਰ ਕਰਨ ਦੀ ਗਲ ਨੂੰ ਨਵਾਬ ਮਲੇਰ ਕੋਟਲਾ ਦੇ ਨਾਮ ਨਾਲ ਕਿਸ ਤਰ੍ਹਾਂ ਜੋੜ ਦਿੱਤਾ ? ਗਿਆਨੀ ਜੀ ਤੋਂ ਇਸ ਪ੍ਰਸ਼ਨ ਦੇ ਥੱਲੇ ਲਿਖੇ ਤਿੰਨ ਸੰਭਵ ਉਤਰ ਹੀ ਮਿਲ ਸਕਦੇ ਹਨ ।

1. ਉਹ ਕਹਿ ਸਕਦੇ ਹਨ : "ਮੈਂ ਇਹ ਕਦੇ ਨਹੀਂ ਲਿਖਿਆ ਕਿ ਮਲੇਰ

(ਬਾਕੀ ਸਫਾ 19 ਤੇ)

ਸਿੰਘ ਸਾਹਿਬ ਦੀ ਸ਼ਹਾਦਤ (ਨਾਵਲ)

ਸਿੰਘ ਸਾਹਿਬ ਭਾਈ ਬਲਵੰਤ ਸਿੰਘ ਖੁਰਦਪੁਰ, ਜਿਲਾ ਜਲੰਧਰ ਖਾਲਸਾ ਦੀਵਾਨ ਸੋਸਾਇਟੀ ਗੁਰਦੁਆਰਾ ਵੈਨਕੂਵਰ, ਕੈਨੇਡਾ ਦੀ ਜੀਵਨ ਗਾਥਾ।

(ਲੜੀਵਾਰ)

ਕਿਸ਼ਤ ਇਕੀਵੀਂ

ਕੇਸਰ ਸਿੰਘ ਨਾਵਲਿਸਟ

ਕਾਂਡ 39

ਭਾਈ ਸਾਹਬ, ਦਰਸੀ ਚੈਨਚਈਆਂ, ਠਾਕਰ ਸਿੰਘ, ਚੇਟਰ ਜੀ, ਸ਼ਿਵਦਿਆਲ ਤੇ ਜੋਧ ਸਿੰਘ ਮਿਲਟਰੀ ਡੀਟੇਨਸ਼ਨ ਬੈਰਕਸ ਸਿੰਘਾਪੁਰ ਵਿਚ ਡਕੇ ਹੋਏ ਸਨ। ਉਹ ਕੋਠੀਆਂ ਬਾਰਾਂ ਫੁਟ ਲੰਮੀਆਂ ਤੇ ਚਾਰ ਫੁੱਟ ਚੌੜੀਆਂ ਸਨ ਉਨ੍ਹਾਂ ਨੂੰ ਜਾਪਿਆ ਜਿਵੇਂ ਉਨ੍ਹਾਂ ਵਾਸਤੇ ਉਚੇਚੀਆਂ ਤਿਆਰ ਕੀਤੀਆਂ ਗਈਆਂ ਹੋਣ। ਦਰਵਾਜ਼ਿਆਂ ਦੀ ਥਾਂ ਵੱਡੀਆਂ ਵੱਡੀਆਂ ਸੀਖਾਂ। ਬਾਹਰ ਵੱਡੇ ਵੱਡੇ ਜੰਦਰੇ ਕੋਠੀਆਂ ਅੱਗੇ ਪਹਿਰਾ। ਦੋ ਗੋਰੇ ਫੌਜੀ ਬੰਦੂਕਾਂ ਮੋਢੇ ਉਤੇ ਰੱਖ ਕੇ ਹਰ ਵੇਲੇ ਟਹਿਲਦੇ ਰਹਿੰਦੇ।

ਉਨ੍ਹਾਂ ਨੂੰ ਕੈਦੀਆਂ ਵਾਲੇ ਕਪੜੇ ਨਹੀਂ ਸਨ ਦਿਤੇ ਗਏ। ਉਨ੍ਹਾਂ ਦਾ ਸਾਰਾ ਸਾਮਾਨ ਫੌਜੀਆਂ ਨੇ ਆਪਣੇ ਕਬਜ਼ੇ ਵਿੱਚ ਰੱਖ ਕੇ, ਪਹਿਨੇ ਹੋਏ ਕਪੜਿਆਂ ਵਿਚ ਹੀ ਡੱਕ ਦਿੱਤਾ ਸੀ। ਸਿੰਘਾਪੁਰ ਦੀ ਅਤ ਦੀ ਗਰਮੀ ਵਿਚ ਨਿਕੀਆਂ ਨਿਕੀਆਂ ਕੋਠੀਆਂ ਵਿਚ ਭੁਜ ਰਹੇ ਸਨ। ਭਾਈ ਸਾਹਬ ਦੇ ਸਿਰ ਉਤੇ ਨਿਕੀ ਦਸਤਾਰ ਤੇ ਲਕ ਕਛਹਿਰਾ ਸੀ। ਬਾਕੀ ਦੇ ਸਾਰੇ ਕੈਦੀ ਸਿਰੋਂ ਨੰਗੇ ਤੇ ਲਕ ਜਾਂਘੀਏ ਜਿਹੇ। ਠਾਕਰ ਸਿੰਘ ਕਦੇ ਸਿਰ ਉਤੇ ਜੂੜਾ ਕਰ ਲੈਂਦਾ ਤੇ ਕਦੇ ਕੇਸ ਪਿਛੇ ਪਿਠ ਉੱਤੇ ਛੱਡ ਦੇਂਦਾ। ਉਸ ਦੀ ਪਿਠ ਗਰਮੀ ਨਾਲ ਲਾਲ ਹੋਈ ਪਈ ਸੀ। ਭਾਈ ਸਾਹਬ ਦੇ ਮੱਥੇ ਦੀ ਚਮੜੀ ਲੂਸੀ ਗਈ ਸੀ। ਜਦ ਵੀ ਉਹ ਮੱਥੇ ਨੂੰ ਮਲਦੇ ਤਾਂ ਚਮੜੀ ਭੁਰ ਭੁਰ ਜਾਂਦੀ।

ਸਾਰੀਆਂ ਕੋਠੀਆਂ ਦੇ ਮੂੰਹ ਪੂਰਬ ਵਲ ਸਨ। ਸੂਰਜ ਚੜ੍ਹਦਿਆਂ ਹੀ ਕੋਠੀਆਂ ਦੇ ਸੀਮੈਂਟ ਕੀਤੇ ਫਰਸ਼ ਤਪ ਉਠਦੇ। ਕੈਦੀ ਕਦੇ ਬੈਠਦੇ, ਕਦੇ ਲੇਟਦੇ ਤੇ ਘੰਟਿਆਂ ਬਧੀ ਖਲੋ ਕੇ ਤੇ ਤੁਰ ਕੇ ਸਾਰਾ ਦਿਨ ਲੰਘਾਂਦੇ। ਜਦ ਸੂਰਜ ਪਛਮ ਵਲ ਹੁੰਦਾ ਤਾਂ ਉਨ੍ਹਾਂ ਨੂੰ ਮਾੜਾ ਜਿਹਾ ਸਾਹ ਆਉਂਦਾ। ਫਿਰ ਵੀ ਹੁਸੜ ਨਾਲ ਉਨ੍ਹਾਂ ਦੀ ਜਾਨ ਖੁਸਦੀ।

ਤਿੰਨ ਵਾਰੀ ਬੂਹਾ ਖੁਲ੍ਹਦਾ ਤਾਂਕਿ ਬਾਹਰ ਰਖੀ ਖਾਣੇ ਵਾਲੀ ਪਲੇਟ ਕੈਦੀ ਚੁਕ ਸਕਣ। ਹਫਤੇ ਪਿਛੋਂ ਇਕ ਬਾਲਟੀ ਪਾਣੀ ਦੀ ਹਰ ਕੈਦੀ ਨੂੰ ਮਿਲਦੀ। ਦਿਨੇ ਡਾਢੀ ਧੁਪ ਤੇ ਰਾਤੀਂ ਕੋਠੀਆਂ ਵਿਚ ਹਨੇਰਾ ਰਹਿੰਦਾ, ਨਾ ਬਤੀ ਨਾ ਦੀਵਾ। ਦਾਤਣ ਤੇ ਟੂਥਬ੍ਰਸ਼ ਦੀ ਆਗਿਆ ਨਹੀਂ ਸੀ। ਆਪਸ ਵਿਚ ਮਿਲਣ ਦੀ ਮਨਾਹੀ ਸੀ। ਉਨ੍ਹਾਂ ਨੇ ਇਕ ਦੂਜੇ ਨੂੰ ਕਦੇ ਤਕਿਆ ਵੀ ਨਹੀਂ ਸੀ। ਉਹ ਵਾਜਾ ਮਾਰ ਕੇ ਗਲਾਂ ਕਰ ਲੈਂਦੇ। ਮਾਰਚ, ਅਪਰੈਲ ਤੇ ਮਈ ਇਸੇ ਹਾਲਤ ਵਿਚ ਲੰਘ ਗਏ। ਉਨ੍ਹਾਂ ਦੇ ਸਰੀਰ ਫਟਣ ਲਗ ਪਏ। ਪਿੰਡਿਆਂ ਦੀ ਚਮੜੀ ਉਚਰਣ ਲਗ ਪਈ। ਸਿਰ ਦੇ ਵਾਲ ਹਦੋਂ ਵਧ ਖੁਸ਼ਕ ਹੋ ਗਏ। ਉਨ੍ਹਾਂ ਦੀਆਂ ਆਵਾਜ਼ਾ ਏਨੀਆਂ ਬਦਲ ਗਈਆਂ ਕਿ ਇਕ ਦੂਜੇ ਦੀ ਆਵਾਜ਼ ਵੀ ਨਾ ਪਛਾਣ ਸਕਣ।

ਇਕ ਸਵੇਰ ਨੂੰ ਇਕ ਅੰਗਰੇਜ਼ ਅਫਸਰ ਆਇਆ। ਉਸ ਦੇ ਨਾਲ ਇਕ ਐਂਗਲੋ-ਇੰਡੀਅਨ ਦੁਭਾਸ਼ੀਆ ਸੀ। ਉਹ ਦੋਵੇਂ ਭਾਈ ਸਾਹਬ ਦੀ ਕੋਠੀ ਅਗੇ ਆ ਰੁਕੇ। ਉਸ ਅਫਸਰ ਦਾ ਖਿਆਲ ਸੀ ਕਿ ਭਾਈ ਸਾਹਬ ਉਠ ਕੇ ਉਸ ਦਾ ਸਤਕਾਰ ਕਰਨਗੇ। ਉਹ ਤੜਕ ਸਾਰ ਤੋਂ ਬਾਣੀ ਪੜ੍ਹ ਰਹੇ ਸਨ। ਉਨ੍ਹਾਂ ਦੀਆਂ ਅਖਾਂ ਬੰਦ ਸਨ। ਜਦ ਉਹ ਦੋਵੇਂ ਬਾਕੀ ਕੈਦੀਆਂ ਦੀਆਂ ਕੋਠੀਆਂ ਅੱਗੋਂ ਫਿਰ ਕੇ ਮੁੜੇ ਤਾਂ ਭਾਈ ਸਾਹਬ ਅਰਦਾਸ ਸੋਧ ਰਹੇ ਸਨ। ਅਰਦਾਸੇ ਮਗਰੋਂ ਉਹ ਲੋਹੇ ਦੀਆਂ ਮੋਟੀਆਂ ਮੋਟੀਆਂ ਸੀਖਾਂ ਨੂੰ ਹੱਥ ਪਾ ਕੇ ਖਲੋ ਗਏ। ਇਹ ਪਹਿਲੀ ਵਾਰ ਸੀ ਜਦੋਂ ਕੋਈ ਉਨ੍ਹਾਂ ਨੂੰ ਮਿਲਣ ਆਇਆ ਸੀ। ਉਹ ਅੰਗਰੇਜ਼ ਅਫਸਰ ਚੁਪ ਚਾਪ ਖਲੋਤਾ ਭਾਈ ਸਾਹਬ ਵਲੋਂ ਸਲੂਟ ਮਿਲਣ ਦੀ ਉਡੀਕ ਕਰ ਰਿਹਾ ਸੀ। ਉਸ ਨੂੰ ਸਲੂਟ ਮਿਲਣ ਦੀ ਆਸ ਨਾ ਰਹੀ ਤਾਂ ਉਸ ਨੇ ਝਿੜਕ ਕੇ ਪੁਛਿਆ—"ਕੀ ਤੂੰ ਅੰਗਰੇਜ਼ੀ ਬੋਲ ਸਕਦਾ ਹੈਂ ?" ਭਾਈ ਸਾਹਬ ਨੇ ਉਤਰ ਦਿਤਾ 'ਹਾਂ।' ਅੰਗਰੇਜ਼ ਅਫਸਰ ਦਾ ਖਿਆਲ ਸੀ ਕਿ ਉਸ ਨੂੰ "ਹਾਂ ਜਨਾਬ" ਵਿਚ ਉਤਰ ਮਿਲੇਗਾ ਉਹ ਹੋਰ ਵੀ ਚਿੜ ਗਿਆ। ਉਹ ਦੋ ਕਦਮ ਅੱਗੇ ਵਧ ਕੇ ਫਿਰ ਪਿੱਛੇ ਹਟ ਗਿਆ। ਭਾਈ ਸਾਹਬ ਪਹਿਲਾਂ ਵਾਂਗੂ ਅਟਲ ਖਲੋਤੇ ਹੋਏ ਸਨ। ਉਨ੍ਹਾਂ ਨੇ ਨਰਮ ਜਿਹੀ ਅਵਾਜ਼ ਵਿਚ ਪੁਛਿਆ—"ਕੀ ਤੁਸੀਂ ਮੈਨੂੰ ਦਸ ਸਕਦੇ ਹੋ ਕਿ ਸਾਨੂੰ ਅਜਿਹੇ ਸਖਤ ਤਸੀਹੇ ਕਿਉਂ ਦਿਤੇ ਜਾ ਰਹੇ ਹਨ ? ਸਾਡਾ ਕੀ ਕਸੂਰ ਹੈ ?"



ਉਸ ਅਫਸਰ ਨੇ ਭਾਈ ਸਾਹਬ ਦੇ ਸੁਆਲ ਦਾ ਜਵਾਬ ਦੇਣ ਦੀ ਥਾਂ ਸੁਆਲ ਕਰ ਦਿਤਾ "ਕੀ ਤੇਰਾ ਨਾਮ ਬਲਵੰਤ ਸਿੰਘ ਹੈ ? ਭਾਈ ਸਾਹਬ ਨੇ ਜੁਆਬ ਦਿਤਾ —ਹਾਂ"

"ਕੀ ਤੂੰ ਫੌਜ ਵਿਚ ਨੌਕਰੀ ਕੀਤੀ ਹੈ।"

"ਹਾਂ। ਕੀਤੀ ਹੈ ?"

"ਤੂੰ ਨਾਮ ਕਿਉਂ ਕਟਾਇਆ ਸੀ ?"

"ਮੇਰੀ ਮਰਜ਼ੀ।"

"ਕੀ ਤੂੰ ਕੈਨੇਡਾ ਦਾ ਵਡਾ ਸਿਖ ਪਾਦਰੀ ਸੀ ?"

ਭਾਈ ਸਾਹਬ ਨੇ ਨੀਵੀਂ ਪਾ ਲਈ।

"ਮੈਨੂੰ ਪਤਾ ਲਗਾ ਹੈ ਕਿ ਪ੍ਰਦੇਸਾਂ ਵਿਚ ਫਿਰ ਰਹੇ ਸਿਖਾਂ ਵਿਚੋਂ ਤੂੰ ਸਭ ਤੋਂ ਵਡਾ ਖਤਰਨਾਕ ਸਿਖ ਹੈ। ਤੂੰ ਸਰ ਮਾਈਕਲ ਓਡਵਾਇਰ ਨੂੰ ਵੀ ਤਲਖ ਜੁਆਬ ਦਿਤੇ ਸਨ। ਇਹ ਰਪੋਰਟ ਹੈ ਕਿ ਸਿਖਾਂ ਦਾ ਜਹਾਜ਼ ਚਲਾਉਣ ਲਈ ਤੂੰ ਹੀ ਗੁਰਦਿਤ ਸਿੰਘ ਨੂੰ ਉਕਸਾਇਆ ਸੀ। ਇਹ ਪਕੀ ਰਿਪੋਰਟ ਹੈ ਕਿ ਤੂੰ ਹੀ ਸਾਰਿਆਂ ਪੁਆੜਿਆਂ ਦੀ ਜੜ੍ਹ ਹੈ।"

ਭਾਈ ਸਾਹਬ ਨੇ ਪੁੱਛਿਆ—"ਕੋਈ ਹੋਰ ਦੋਸ ?"

ਅੰਗਰੇਜ਼ ਅਫਸਰ ਭਾਈ ਸਾਹਬ ਦਾ ਸੁਆਲ ਸੁਣ ਕੇ ਚਿੜ ਗਿਆ। ਉਹ ਤਿੜਕ ਕੇ ਬੋਲਿਆ—"ਸਿੰਘਾਪੁਰ ਦਾ ਗਦਰ ਤੁਸਾਂ ਸਿਖਾਂ ਕਰਾਇਆ ਹੈ। ਬਰਮਾ ਦੀ ਗੜਬੜ ਦੇ ਤੁਸੀਂ ਜ਼ਿੰਮੇਵਾਰ ਹੋ। ਪੰਜਾਬ ਵਿਚ ਤੁਸਾਂ ਫੌਜਾਂ ਵਿਗਾੜੀਐ। ਸਲਤਨਤ ਬਰਤਾਨੀਆਂ ਦੇ ਰਾਜ ਵਿੱਚ ਸੂਰਜ ਨਹੀਂ ਡੁੱਬਦਾ ਅਸਾਂ ਪੰਜਾਬ ਤੇ ਬਰਮਾ ਵਿੱਚ ਸਭ ਦੀ ਸੰਘੀ ਘੁਟ ਦਿੱਤੀ ਹੈ, ਤੁਸੀਂ ਥੋੜੇ ਜਿਹੇ ਬਟੇਰੇ ਬਾਕੀ ਹੋ। ਤੁਹਾਡੀ ਵੀ ਸੰਘੀ ਘੁਟ ਦਿਤੀ ਜਾਵੇਗੀ। ਫਿਰ ਬਾਦਸ਼ਾਹ ਸਲਾਮਤ ਦੀ ਸਰਕਾਰ ਦੇ ਸਾਹਮਣੇ ਕੋਈ ਅਖ ਨਹੀਂ ਉਠਾ ਸਕੇਗਾ....।"

ਉਸ ਨੇ ਅਜੇ ਆਪਣੀ ਗਲ ਖਤਮ ਨਹੀਂ ਸੀ ਕੀਤੀ ਕਿ ਭਾਈ ਸਾਹਬ ਨੇ ਦ੍ਰਿੜ ਆਵਾਜ਼ ਵਿੱਚ ਕਿਹਾ—"ਮੈਂ ਅਜਿਹੇ ਲੈਕਚਰ ਪਹਿਲੋਂ ਵੀ ਕਈ ਵਾਰੀ ਸੁਣੇ ਹਨ।"

ਅੰਗਰੇਜ਼ ਅਫਸਰ ਦਾ ਚਿਹਰਾ ਭਖ ਉਠਿਆ। ਏਨੇ ਨੂੰ ਇਕ ਅੰਗਰੇਜ਼ ਔਰਤ ਸਿਲਕ ਦੇ ਸੂਟ ਵਿਚ ਸਜੀ ਸਜਾਈ ਕੈਮਰੇ ਸਮੇਤ ਉਸ ਅਫਸਰ ਦੇ ਨਾਲ ਆ ਖਲੋਤੀ। ਉਸ ਨੇ ਭਾਈ ਸਾਹਬ ਦੀ ਫੋਟੋ ਲੈਣੀ ਚਾਹੀ। ਭਾਈ ਸਾਹਬ ਨੇ ਉਨ੍ਹਾਂ ਵੱਲ ਪਿਠ ਦੇ ਦਿਤੀ।

"ਕੀ ਇਹ ਗਲ ਗਲਤ ਹੈ ਕਿ ਤੁਸਾਂ ਸਾਡੇ ਦੁਸ਼ਮਣਾਂ ਜਰਮਨਾਂ ਨਾਲ ਮਿਲ ਕੇ ਬਗਾਵਤ ਕੀਤੀ ਹੈ ?" ਅਸਾਂ ਜਰਮਨਾਂ ਨੂੰ ਵੀ ਦੂਜੇ ਪਾਸੇ ਕੋਠੀਆਂ ਵਿਚ ਡਕਿਆ ਹੋਇਆ ਹੈ। ਉਹ ਸਭ ਕੁਝ ਬਕ ਪਏ ਹਨ।"

"ਮੈਂ ਕਦੇ ਕਿਸੇ ਜਰਮਨ ਨੂੰ ਨਹੀਂ ਮਿਲਿਆ।"

"ਤੇਰੇ ਸਾਥੀ ਮਨੀਲੇ ਜਰਮਨ ਕੌਂਸਲ ਨੂੰ ਮਿਲ ਕੇ ਆਏ ਹਨ। ਤੈਨੂੰ ਅਜੇ ਵੀ ਪਤਾ ਨਹੀਂ ਲਗਾ ਕਿ ਤੇਰਾ ਤੇ ਤੇਰੇ ਸਾਥੀਆਂ ਦਾ ਕੀ ਕਸੂਰ ਹੈ।" ਭਾਈ ਸਾਹਬ ਨੂੰ ਸ਼ੱਕ ਪਿਆ ਕਿ ਜੋਧ ਸਿੰਘ ਨੇ ਡਰ ਕੇ ਸਭ ਕੁਝ ਦਸ ਦਿਤਾ ਹੋਵੇਗਾ।

"ਸਰਕਾਰ ਬਰਤਾਨੀਆਂ ਬੜੀ ਤਰਸਵਾਨ ਹੈ। ਤੇਰਾ ਟਬਰ ਸਹੀ ਸਲਾਮਤ ਪੰਜਾਬ ਪਹੁੰਚਾ ਦਿੱਤਾ ਗਿਆ ਹੈ ਪਰ ਤੇਰੇ ਖਤਰਨਾਕ ਸਾਥੀ ਕਰਤਾਰ ਸਿੰਘ ਨੂੰ ਪੁਲਸ ਨੇ ਦਬੋਚ ਲਿਆ ਹੈ। ਉਹ ਸਭ ਕੁੱਝ ਬੱਕ ਬੈਠਾ ਹੈ।"

ਆਪਣੇ ਪਰਵਾਰ ਦੀ ਗਲ ਸੁਣ ਕੇ ਭਾਈ ਸਾਹਬ ਦੇ ਦਿਲ ਦੀ ਧੜਕਣ ਤੇਜ ਹੋ ਗਈ। ਕਰਤਾਰ ਸਿੰਘ ਦੇ ਬਕ ਪੈਣ ਦੀ ਗਲ ਸੁਣ ਕੇ ਅਬੜਵਾਹੇ ਉਨ੍ਹਾਂ ਦੇ ਮੂੰਹੋਂ ਨਿਕਲ ਗਿਆ—"ਇਹ ਝੂਠ ਹੈ। ਸਰਾ ਸਰ ਝੂਠ ਹੈ।"

"ਤੂੰ ਮੈਨੂੰ ਝੂਠਾ ਕਹਿ ਰਿਹਾ ਹੈ ?" ਅੰਗਰੇਜ਼ ਅਫਸਰ ਨੇ ਸੱਜੀ ਮੁੱਛ ਮਰੋੜਦਿਆਂ ਪੁਛਿਆ"

ਭਾਈ ਸਾਹਬ ਨੇ ਗਜ ਕੇ ਜੁਆਬ ਦਿੱਤਾ—"ਤੂੰ ਝੂਠਾ ਹੈ। ਤੇਰੀ ਸਰਕਾਰ ਝੂਠੀ ਹੈ। ਸਾਡੇ ਉਤੇ ਲਾਏ ਗਏ ਸਭ ਇਲਜ਼ਾਮ ਝੂਠੇ ਹਨ। ਸਭ ਸਾਜਸ਼ ਹੈ। ਝੂਠ ਦਾ ਪਲੰਦਾ ਹੈ। ਤੁਸੀਂ ਜੋ ਚਾਹੁੰਦੇ ਹੋ ਕਰੋ। ਲਾ ਲਓ ਆਪਣਾ ਜ਼ੋਰ। ਮੌਤ ਸੱਚ ਹੈ। ਫਾਂਸੀ ਲਾ ਦਿਓਗੇ। ਗੋਲੀ ਨਾਲ ਉੜਾ ਦਿਓਗੇ। ਹੋਰ ਕੀ ਕਰ ਲਓਗੇ। ਆਤਮਾ ਨਹੀਂ ਮਰਦੀ।"

ਅੰਗਰੇਜ਼ ਅਫਸਰ ਨੇ ਪਿਛੇ ਖਲੋਤੀ ਮੇਮ ਨੂੰ ਇਸ਼ਾਰਾ ਕੀਤਾ। ਉਹ ਦੂਜੀਆਂ ਕੋਠੀਆਂ ਵੱਲ ਵਧੀ। ਜੋਧ ਸਿੰਘ ਨਾਲ ਦੀ ਕੋਠੀ ਵਿਚ ਬੈਠਾ ਭਾਈ ਸਾਹਬ ਤੇ ਅਫਸਰ ਦੀ ਗਲਬਾਤ ਸੁਣ ਰਿਹਾ ਸੀ। ਉਹ ਮੇਮ ਨੂੰ ਵੇਖ ਕੇ ਉਠ ਖਲੋਤਾ। ਮੇਮ ਨੇ ਉਸਦੀ ਫੋਟੋ ਲਈ ਤੇ ਅਗੇ ਤੁਰ ਪਈ। ਜਦ ਉਹ ਬਾਕੀ ਕੈਦੀਆਂ ਦੀ ਫੋਟੋ ਲੈਣ ਲੱਗੀ ਤਾਂ ਸਭ ਨੇ ਉਸ ਨੂੰ ਪਿਠ ਵਿਖਾ ਦਿਤੀ। ਉਹ ਚਿੜ ਕੇ ਅੰਗਰੇਜ਼ ਅਫਸਰ ਦੇ ਪਿਛੇ ਹਟਵੀ ਆ ਖਲੋਤੀ। ਅੰਗਰੇਜ਼ ਅਫਸਰ ਤੇ ਦੁਭਾਸ਼ੀਆ, ਮੇਮ ਕੋਲ ਜਾ ਖਲੋਤੇ। ਕੁਝ ਦੇਰ ਹੌਲੀ ਹੌਲੀ ਗਲਾਂ ਕਰਦੇ ਰਹੇ ਕੁਝ ਦੇਰ ਗਲਾਂ ਕਰਨ ਮਗਰੋਂ ਅੰਗਰੇਜ਼ ਅਫਸਰ ਮੁੜ ਭਾਈ ਸਾਹਬ ਦੀ ਕੋਠੀ ਅਗੇ ਜਾ ਖਲੋਤਾ। ਭਾਈ ਸਾਹਬ ਉਥੇ ਹੀ ਖਲੋਤੇ ਸਨ। ਅਫਸਰ ਨੇ ਮੁੜਦਿਆਂ ਬੜੀ ਹਲੀਮੀ ਨਾਲ ਪੁਛਿਆ—"ਕੀ ਕੋਈ ਅਜਿਹੀ ਗਲ ਹੈ ਜੋ ਮੈਂ ਤੁਹਾਡੇ ਲਈ ਕਰ ਸਕਦਾ ਹੋਵਾਂ ?"

ਭਾਈ ਸਾਹਬ ਨੇ ਵੀ ਹਲੀਮੀ ਵਿਖਾਂਦਿਆਂ ਕਿਹਾ—"ਜੋ ਸਲੂਕ, ਸਾਡਾ ਕਸੂਰ ਸਾਬਤ ਹੋਣ ਤੋਂ ਪਹਿਲੋਂ ਹੀ ਸਾਡੇ ਨਾਲ ਕੀਤਾ ਜਾ ਰਿਹਾ ਹੈ ਉਹ ਜਾਨਵਰਾਂ ਨਾਲ ਵੀ ਨਹੀਂ ਕੀਤਾ ਜਾਣਾ ਚਾਹੀਦਾ। ਅਸੀਂ ਦਾਤਨ ਨਹੀਂ ਕਰ ਸਕਦੇ। ਨਹਾ ਨਹੀਂ ਸਕਦੇ। ਸਾਡਾ ਖਾਣਾ ਨਿਰੇ ਚਾਵਲ ਹੈ। ਅਸੀਂ ਹਰ ਰੋਜ਼ ਦਾਤਨ ਕਰਨ ਤੇ ਨਹਾਉਣ ਦੇ ਆਦੀ ਹਾਂ। ਆਪਣੀ ਕਿਸਮ ਦਾ ਖਾਣਾ ਪਕਾਉਣ ਦੀ ਸਾਨੂੰ ਖੁਲ ਹੋਣੀ ਚਾਹੀਦੀ ਹੈ। ਫਿਰਨ ਤੁਰਨ ਤੇ ਆਪਸ ਵਿਚ ਮਿਲਣ ਦੀ ਖੁਲ੍ਹ ਹੋਣੀ ਚਾਹੀਦੀ ਹੈ।"

ਮੇਮ ਨੇ ਅੰਗਰੇਜ਼ ਅਫਸਰ ਦੀ ਬਾਂਹ ਵਿਚ ਬਾਂਹ ਪਾਈ ਹੋਈ ਸੀ। ਉਸ ਨੇ ਮੇਮ ਵਲ ਤਕ ਕੇ ਮੁਸਕਰਾਂਦਿਆਂ ਭਾਈ ਸਾਹਬ ਨੂੰ ਪੁਛਿਆ—"ਤੂੰ ਕੁਕ ਦਾ ਕੰਮ ਕਰੇਗਾ ?"

"ਹਾਂ ਕਰਾਂਗਾ।" ਭਾਈ ਸਾਹਬ ਨੇ ਮੰਗ ਕੀਤੀ—"ਅਜ ਤੋਂ ਹੀ ਸਾਨੂੰ ਰਾਸ਼ਨ ਮਿਲਣਾ ਚਾਹੀਦਾ ਹੈ।"

ਅੰਗਰੇਜ਼ ਅਫਸਰ ਨੇ ਉਤਰ ਦਿਤਾ—"ਮੈਂ ਸੋਚਾਂਗਾ।" ਉਸ ਦੇ ਪਿਛੇ ਪਿਛੇ ਦੁਭਾਸ਼ੀਆ ਤੇ ਮੇਮ ਜਾ ਰਹੇ ਸਨ। ਭਾਈ ਸਾਹਬ ਧਰਵਾਸ ਨਾਲ ਚੌਕੜੀ ਮਾਰ ਕੇ ਬਾਣੀ ਪੜ੍ਹਨ ਲਗ ਪਏ।

(ਚਲਦਾ)

'ਕੈਨੇਡਾ ਦਰਪਣ' ਦੇ ਪਿਛਲੇ ਅੰਕ ਵਿਚ — ਇਕ ਜਾਣ ਪਛਾਣ— ਪ੍ਰਿੰਸੀਪਲ 'ਅਮੋਲ' ਬਾਰੇ ਗਿ: ਮੱਖਣ ਸਿੰਘ ਮ੍ਰਿਗਿੰਦ ਪ੍ਰਧਾਨ ਇੰਟਰਨੈਸ਼ਨਲ ਪੰਜਾਬੀ ਸਾਹਿਤ ਸਭਾ ਦਾ ਲਿਖਿਆ ਹੋਇਆ ਸੀ।

ਪੰਜਾਬੀ ਵਿਦਿਅਕ ਬਾਲ ਪੁਸਤਕਾਂ

ਪੰਜਾਬੀਆਂ ਤੇ ਖਾਸ ਕਰਕੇ ਸਿੱਖਾਂ ਦੀ ਵਸੋਂ ਪੂਰਬੀ ਤੇ ਪੱਛਮੀ ਦੇਸ਼ਾਂ ਵਿਚ ਫੈਲ ਹੋਈ ਹੈ। ਦੇਸ ਦੀ ਵੰਡ ਤੋਂ ਪਹਿਲੋਂ ਮਲਾਇਆ, ਥਾਈਲੈਂਡ, ਫਿਲਪੀਨਜ਼, ਫੀਜੀ, ਜਾਵਾ-ਸੁਮਾਟਰਾ, ਬਰਮਾ, ਕੇਨਿਆ, ਹਾਂਗਕਾਂਗ ਆਦਿ ਦੇਸਾਂ ਵਿਚ ਕਾਫੀ ਵੱਸੋਂ ਸੀ। ਰਾਜਸੀ ਮਸਲਿਆਂ ਦੇ ਕਾਰਨ ਬਰਮਾ ਤੇ ਕੇਨਿਆ ਆਦਿ ਦੇਸਾਂ ਵਿਚ ਵਸੋਂ ਘੱਟ ਗਈ ਹੈ। ਜਿੱਥੇ ਜਿੱਥੇ ਸਾਡੇ ਦੇਸ-ਵਾਸੀ ਗਏ ਉਨ੍ਹਾਂ ਪੰਜਾਬੀ ਲਿਪੀ, ਪੰਜਾਬੀ ਬੋਲੀ ਤੇ ਪੰਜਾਬੀ ਸਭਿਅਤਾ ਨੂੰ ਜੀਉਂਦੇ ਰੱਖਣ ਦੇ ਯਤਨ ਕੀਤੇ। ਮੇਡਾਨ, ਬੰਕੋਕ ਤੇ ਨੈਰੋਬੀ ਵਿਚ ਆਪਣੇ ਸਕੂਲ ਵੀ ਚਲਾਏ। ਮਲਾਇਆ ਦੇ ਕਈ ਹਾਈ ਸਕੂਲਾਂ ਵਿਚ ਪੰਜਾਬੀ ਪੜ੍ਹਾਈ ਜਾਂਦੀ ਹੈ। ਮਲਾਇਆ ਦੇ ਹਰ ਸ਼ਹਿਰ ਵਿਚ ਗੁਰਦੁਆਰਾ ਹੈ। ਗੁਰਦੁਆਰਿਆਂ ਵਿਚ ਪੜ੍ਹਾਈ ਦਾ ਸਿਲਸਿਲਾ ਕਾਇਮ ਹੈ।

ਹਰ ਦੇਸ ਦੀ ਆਪੋ ਆਪਣੀ ਬੋਲੀ ਹੈ। ਹਰ ਦੇਸ ਦਾ ਆਪਣਾ ਵਿਦਿਅਕ ਢਾਂਚਾ ਹੈ। ਇਸ ਲਈ ਜਿਥੇ ਜਿਥੇ ਵੀ ਦੇਸ-ਵਾਸੀ ਗਏ ਹਨ ਉਨ੍ਹਾਂ ਨੂੰ ਉਸ ਦੇਸ ਦੀ ਬੋਲੀ ਤੇ ਵਿਦਿਅਕ ਢਾਂਚਾ ਅਪਣਾਉਣਾ ਪਿਆ ਹੈ। ਲੋਕਾਂ ਦਾ ਆਪਣਾ ਦੇਸ ਛਡ ਕੇ ਦੂਜੇ ਦੇਸ ਵਿਚ ਜਾ ਵਸਣ ਦਾ ਮੁਖ ਮੰਤਵ ਮਾਇਕ ਤੌਰ ਤੇ ਸੁਖਾਲੇ ਹੋਣਾ ਸੀ। ਉਸ ਤੋਂ ਮਗਰੋਂ ਆਪਣੀ ਸਭਿਅਤਾ ਵਲ ਧਿਆਨ ਦੇ ਸਕਦੇ ਸਨ। ਦੇਸੋਂ ਪੁਸਤਕਾਂ ਮੰਗਵਾਂਦੇ ਸਨ। ਪਰਦੇਸਾਂ ਵਿਚ ਪੈਦਾ ਹੋਏ ਬੱਚੇ ਪੰਜਾਬੀ ਸਿਖਣ ਦਾ ਜਤਨ ਕਰਨ ਪਿਛੋਂ ਵੀ ਬਹੁਤਾ ਕੁਝ ਨਾ ਸਿਖ ਸਕਦੇ। ਉਸ ਦਾ ਕਾਰਨ ਇਹ ਸੀ ਕਿ ਦੇਸ ਦੇ ਮਾਹੌਲ ਤੇ ਆਲੇ-ਦੁਆਲੇ ਦੇ ਆਧਾਰ ਉਤੇ ਲਿਖੀਆਂ ਗੱਲਾਂ ਦੀ ਉਨ੍ਹਾਂ ਨੂੰ ਉਕੀ ਸਮਝ ਨਾ ਆਉਂਦੀ। ਮਲਾਇਆ ਵਿਚ ਉਹ ਪੰਜਾਬੀ ਬੋਲਣ ਲੱਗੇ ਪੰਜਾਬੀ, ਮਲਾਈ ਤੇ ਅੰਗਰੇਜ਼ੀ ਦੀ ਖਿਚੜੀ ਮਿਲਾ ਕੇ ਬੋਲਦੇ।

'ਅੰਗਰੇਜ਼ੀ' ਦੁਨੀਆਂ ਦੀ ਬੋਲੀ ਬਣ ਚੁਕੀ ਹੈ, ਪਰ ਫਿਰ ਵੀ ਆਸਟਰੇਲੀਆ, ਨੀਊਜ਼ੀਲੈਂਡ, ਕੈਨੇਡਾ ਤੇ ਅਮਰੀਕਾ ਆਦਿ ਦੇਸਾਂ ਲਈ ਅੰਗਰੇਜ਼ੀ ਭਾਸ਼ਾ ਵਿਚ ਲਿਖੀਆਂ ਪੁਸਤਕਾਂ ਵਿਚ ਸੰਬੰਧਤ ਦੇਸ ਦਾ ਇਤਿਹਾਸ, ਮਾਹੌਲ ਤੇ ਆਲਾ-ਦੁਆਲਾ ਉਘੜ ਕੇ ਦਿਸਦਾ ਹੈ। ਦੁਨੀਆਂ ਦੇ ਵੱਖੋ ਵਖਰੇ ਦੇਸਾਂ ਵਿਚ ਫੈਲੇ ਹੁੰਦਿਆਂ ਵੀ ਅਸੀਂ ਆਪਣੇ ਬੱਚਿਆਂ ਨੂੰ ਪੰਜਾਬੀ ਬੋਲੀ ਸਿਖਾਉਣ ਲਈ, ਸੰਬੰਧਤ ਦੇਸ ਦੇ ਵਾਤਾਵਰਣ ਨੂੰ ਮੁਖ ਰਖ ਕੇ ਪੁਸਤਕਾਂ ਨਹੀਂ ਰਚ ਸਕੇ। ਜੇ ਦੇਸ ਦੇ ਗੇੜੂ-ਖੂਹ ਦੀ ਸੰਥਾ ਹੀ ਪਰਦੇਸਾਂ ਵਿਚ ਵੀ ਪੜ੍ਹਾਂਦੇ ਰਹੇ ਤਾਂ ਬੱਚਿਆਂ ਦੇ ਪੱਲੇ ਕੁਝ ਨਹੀਂ ਪੈਣਾ।

ਹਰ ਦੇਸ ਦੀ ਆਪਣੀ ਵਖਰੀ ਧਰਤੀ ਹੈ, ਵਖਰਾ ਪੌਣ ਪਾਣੀ ਹੈ, ਵਖਰੀ ਕਿਸਮ ਦੀ ਬਨਾਸਪਤੀ ਹੈ, ਵਖਰੀ ਕਿਸਮ ਦੇ ਲੋਕ ਹਨ। ਹਰ ਦੇਸ ਦਾ ਆਪੋ ਆਪਣਾ ਇਤਿਹਾਸ ਹੈ, ਆਪੋ ਆਪਣੀ ਰਹਿਣੀ ਬਹਿਣੀ ਹੈ, ਆਪੋ ਆਪਣੀ ਸਭਿਅਤਾ ਹੈ। ਇਸ ਲਈ ਪੰਜਾਬ ਦੀ ਰਹਿਣੀ ਬਹਿਣੀ ਤੇ ਮਾਹੌਲ ਅਨੁਸਾਰ ਪੰਜਾਬੀ ਵਿਚ ਛਪੀਆਂ ਪੁਸਤਕਾਂ, ਪਰਦੇਸਾਂ ਵਿਚ ਜੰਮੇ ਬੱਚਿਆਂ ਲਈ ਔਖੀਆਂ ਹੀ ਰਹਿਣਗੀਆਂ। ਪਰਦੇਸਾਂ ਵਿਚ ਪੰਜਾਬੀ ਲਿਪੀ, ਪੰਜਾਬੀ ਬੋਲੀ ਤੇ ਪੰਜਾਬੀ ਸਭਿਅਤਾ ਨੂੰ ਕਾਇਮ ਰਖਣ ਦਾ ਇਕੋ ਹਲ ਹੈ ਕਿ ਬੱਚਿਆਂ ਨੂੰ ਓਪਰੀਆਂ ਚੀਜ਼ਾਂ ਰਾਹੀਂ ਪੰਜਾਬੀ ਬੋਲੀ ਦਾ ਗਿਆਨ ਕਰਾਇਆ ਜਾਏ। ਫਿਰ ਗੇੜੂ-ਖੂਹ ਦਾ ਵੀ ਗਿਆਨ ਕਰਾਇਆ ਜਾ ਸਕਦਾ ਹੈ, ਜਦ ਉਹ ਓਪਰੀਆਂ ਚੀਜ਼ਾਂ ਦਾ ਗਿਆਨ ਪ੍ਰਾਪਤ ਕਰਨ ਦੇ ਯੋਗ ਹੋ ਸਕਣ।

ਹਰ ਦੇਸ ਵਿਚ ਵਸਦੇ ਪੰਜਾਬੀ, ਇਸੇ ਲੀਹ ਉਤੇ ਪੁਸਤਕਾਂ ਲਿਖਵਾਉਣ ਤੇ ਬੱਚਿਆਂ ਨੂੰ ਪੰਜਾਬੀ ਵਿਦਿਆ ਦੇਣ। ਇਹ ਇਕ ਤਰੀਕਾ ਹੈ ਜਿਸ ਦੀ ਵਰਤੋਂ ਨਾਲ ਪਰਦੇਸਾਂ ਵਿਚ ਪੰਜਾਬੀ ਲਿਪੀ, ਪੰਜਾਬੀ ਬੋਲੀ ਤੇ ਪੰਜਾਬੀ ਸਭਿਅਤਾ ਜੀਉਂਦੀ ਰਹਿ ਸਕਦੀ ਹੈ।

ਇਸ ਪਾਸੇ ਧਿਆਨ ਦੇਣਾ ਹੋਰ ਵੀ ਜ਼ਰੂਰੀ ਹੋ ਗਿਆ ਹੈ ਕਿਉਂਕਿ ਇੰਗਲੈਂਡ, ਕੈਨੇਡਾ ਤੇ ਅਮਰੀਕਾ ਉਤੇ ਵੀ ਪੰਜਾਬੀਆਂ ਤੇ ਖਾਸ ਕਰਕੇ ਸਿੰਘਾਂ ਨੇ ਹਮਲਾ ਬੋਲ ਦਿਤਾ ਹੈ। ਇੰਗਲੈਂਡ ਵਿਚ ਸਿੰਘਾਂ ਦੀ ਖਾਸੀ ਘਣੀ ਵਸੋਂ ਹੈ। ਇਸ ਲਈ ਇੰਗਲੈਂਡ ਵਿਚ ਵਸਦੇ ਪੰਜਾਬੀਆਂ ਨੂੰ ਇਸ ਪਾਸੇ ਖਾਸ ਧਿਆਨ ਦੇਣਾ ਚਾਹੀਦਾ ਹੈ। ਕੈਨੇਡਾ ਤੇ ਅਮਰੀਕਾ ਵਡੇ ਦੇਸ ਹਨ। ਦੇਸ-ਵਾਸੀ ਦੂਰ ਦੁਰਾਡੇ ਸ਼ਹਿਰਾਂ ਤੇ ਪਿੰਡਾਂ ਵਿਚ ਪਹੁੰਚੇ ਹੋਏ ਹਨ। ਕੈਨੇਡਾ ਵਿਚ ਬਹੁਤੀ ਵਸੋਂ ਬ੍ਰਿਟਿਸ਼ ਕੋਲੰਬੀਆਂ ਤੇ ਅਨਤਾਰੀਓ ਪਰਾਂਤਾਂ ਵਿਚ ਹੈ। ਵੈਨਕੋਵਰ ਤੇ ਟੋਰੰਟੋ ਦੇ ਆਲੇ ਦੁਆਲੇ ਪੰਜਾਬੀਆਂ ਦੀ ਘਣੀ ਵਸੋਂ ਹੈ।

ਉਤੇ ਬਿਆਨ ਕੀਤੇ ਆਸ਼ੇ ਨੂੰ ਮੁਖ ਰਖਕੇ ਇਸ ਪੁਸਤਕ ਦੀ ਰਚਨਾ ਕੀਤਾ ਗਈ ਹੈ। ਕੈਨੇਡਾ, ਪੰਜਾਬੀ ਤੇ ਅੰਤਰ-ਰਾਸ਼ਟਰੀ ਆਲਾ ਦੁਆਲਾ ਮਿਲਾ ਕੇ ਦਿਤਾ ਗਿਆ ਹੈ। ਪੰਜਾਬੀ ਬੋਲੀ ਦੇ ਸ਼ਬਦ-ਗਿਆਨ ਦੇ ਨਾਲ ਨਾਲ ਵਿਦਿਆਰਥੀਆਂ ਦੀ ਦਿਲਚਸਪੀ ਵਧਾਉਣ ਲਈ ਦਿਲਚਸਪ ਤੇ ਸਖਿਆਦਾਇਕ ਕਹਾਣੀਆਂ ਦਿਤੀਆਂ ਗਈਆਂ ਹਨ।

ਇਸ ਨਿਮਾਣੀ ਸੇਵਾ ਦਾ ਪਹਿਲਾ ਕਦਮ ਵਰਤਮਾਨ ਪੰਜਾਬੀ ਬਾਲਬੋਧ ਸੀ। ਬ੍ਰਿਟਿਸ਼ ਕੋਲੰਬੀਆਂ ਦੇ ਗੁਰਦੁਆਰਿਆਂ ਵਿਚ ਚਲਦੇ ਸਕੂਲਾਂ ਵਿਚ ਖਾਸ ਕਰਕੇ ਤੇ ਕੈਨੇਡਾ ਦੇ ਹੋਰ ਸ਼ਹਿਰਾਂ ਵਿਚ ਆਮ ਕਰਕੇ ਇਹ ਬਾਲਬੋਧ ਪੜ੍ਹਾਇਆ ਜਾ ਰਿਹਾ ਹੈ। ਬਾਲਬੋਧ ਤੋਂ ਮਗਰੋਂ ਦੂਜੀ ਪੋਥੀ ਦੀ ਮੰਗ ਵਧ ਜਾਣ ਕਰਕੇ ਇਸ ਪੁਸਤਕ ਦੀ ਰਚਨਾ ਕੀਤੀ ਗਈ ਹੈ। ਜੇ ਇਹ ਨਿਮਾਣਾ ਜਤਨ ਪਰਵਾਨ ਚੜ੍ਹਿਆ ਤਾਂ ਇਸ ਤੋਂ ਅਗਲਾ ਕਦਮ ਪੁਟਣ ਦੀ ਵੀ ਹਿੰਮਤ ਪ੍ਰਾਪਤ ਹੋ ਸਕੇਗੀ।

ਇਹ ਪੁਸਤਕ 1976 ਵਿਚ ਛਪੀ ਸੀ। ਸਾਰੇ ਕੈਨੇਡਾ ਵਿਚ ਪਹੁੰਚੀ। ਅਮਰੀਕਨ-ਪੰਜਾਬੀ ਵੀ ਇਹੋ ਪੁਸਤਕ ਬੱਚਿਆਂ ਨੂੰ ਗੁਰਦੁਆਰਿਆਂ ਵਿਚ ਪੜ੍ਹਾਦੇ ਰਹੇ। ਬ੍ਰਿਟਿਸ਼ ਕੋਲੰਬੀਆ ਪੰਜਾਬੀਆਂ ਦਾ ਗੜ੍ਹ ਹੈ। ਪਿਛਲੇ ਕੁਝ ਸਾਲਾਂ ਵਿਚ, ਸਿੰਘਾਂ ਨੇ ਲੱਖਾਂ ਡਾਲਰ ਲਾ ਕੇ ਹੋਰ ਗੁਰਦੁਆਰੇ ਬਣਾਏ ਹਨ ਤੇ ਹਰ ਗੁਰਦੁਆਰੇ ਵਿਚ ਪੰਜਾਬੀ ਪੜ੍ਹਾਈ ਦਾ ਪ੍ਰਬੰਧ ਹੈ। ਇਸ ਲਈ ਪੁਸਤਕਾਂ ਦੀ ਲੋੜ ਵੱਧ ਗਈ ਹੈ। ਇਸ ਲੋੜ ਨੂੰ ਪ੍ਰਤੀਤ ਕਰਕੇ ਦੂਜੀ ਐਡੀਸ਼ਨ ਸੰਗਤਾਂ ਦੀ ਸੇਵਾ ਵਿਚ ਹਾਜ਼ਰ ਹੈ।

ਇਸ ਪੁਸਤਕ ਦਾ ਪੰਜਾਹ ਫੀ ਸਦੀ content ਕੈਨੇਡੀਅਨ ਹੈ। ਕੀਮਤ ਦੋ ਡਾਲਰ।

ਮਿਲਣ ਦੇ ਪਤੇ :—

1. ਕੇਸਰ ਸਿੰਘ ਨਾਵਲਿਸਟ
13487-98A Ave.
Surrey, B.C. V3T 1C7

2. ਏਸ਼ੀਆ ਬੁੱਕ ਕੰਪਨੀ
(ਪਾਬਲਾ ਕਲਾਥ ਹਾਊਸ)
6494 ਮੇਨ ਸਟਰੀਟ ਵੈਨਕੂਵਰ, ਬੀ. ਸੀ.

ਬਰਨਬੀ ਵਿਚ ਗੁਰਦੱਤ ਸੇਖੋਂ ਦੀ ਮੌਤ

ਬਰਨਬੀ—ਸੋਮਵਾਰ ਸ਼ਾਮ ਨੂੰ ਗੁਰਦੱਤ ਸੇਖੋਂ ਜੋ 31 ਸਾਲ ਦਾ ਸੀ ਦੀ ਬਰਨਬੀ ਵਿਚ ਕਾਰ ਥੱਲੇ ਆ ਜਾਣ ਕਾਰਨ ਮੌਤ ਹੋ ਗਈ। ਪੁਲਸ ਨੇ ਇਕ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਹੈ ਜਿਸ ਤੇ ਸੈਕਿੰਡ ਡਿਗਰੀ ਕਤਲ ਦਾ ਦੋਸ਼ ਲੱਗਿਆ ਦੱਸਿਆ ਗਿਆ ਹੈ।

ਮਸਜਦ ਤੇ ਹਮਲਾ ਕਰਨ ਵਾਲੇ ਨੂੰ ਛੇ ਮਹੀਨੇ ਦੀ ਕੈਦ

ਰਿਚਮੰਡ ਵਿਚ ਸਥਿਤ ਮਸਜਿਦ ਤੇ ਹਮਲਾ ਕਰਨ ਵਾਲੇ ਲਾਂਸ ਵਿਲੀਅਮ ਐਟਲੀ ਨੂੰ ਛੇ ਮਹੀਨੇ ਦੀ ਸਜ਼ਾ ਸੁਣਾਈ ਗਈ ਹੈ। ਉਸ ਨੇ ਦੋਸ਼ ਮੰਨ ਲਿਆ। ਮਸਜਦ ਦੇ ਸ਼ੀਸ਼ੇ ਤੇ ਟਾਇਲਟ ਭੰਨੇ ਗਏ ਸਨ।

ਫ਼ਿਲਮ ਦਰਪਣ



ਸਜੱਰਾ ਚੇਹਰਾ ਲੈਂਬਰ ਪਾਹਲ

—ਸੁਰੇਸ਼ ਪਠਾਣੀਆਂ—

ਫਿਲਮ ਨਗਰੀ ਇਕ ਅਜਿਹੀ ਖਿਚ ਭਰੀ ਥਾਂ ਹੈ ਜਿਥੇ ਹਰ ਕੋਈ ਜਾਣਾ ਚਾਹੁੰਦਾ ਹੈ. ਇਸ ਨਗਰੀ ਵਿਚ ਕਈ ਆਏ ਤੇ ਆ ਕੇ ਚਲੇ ਗਏ ਪਰ ਇਥੇ ਉਹੀ ਆਦਮੀ ਟਿਕਦਾ ਹੈ, ਜਿਸ ਵਿਚ ਕੁਝ ਕਲਾ ਵੀ ਹੋਵੇ ਅਤੇ ਹਿੰਮਤ ਵੀ. ਜਿਸ ਆਦਮੀ ਕੋਲ ਪੱਕਾ ਇਰਾਦਾ ਹੋਵੇ ਉਸ ਨੂੰ ਸਫਲਤਾ ਦੀ ਪੌੜੀ ਤੇ ਚੜਣ ਤੋਂ ਕੋਈ ਵੀ ਨਹੀਂ ਰੋਕ ਸਕਦਾ. ਲੈਂਬਰ ਪਾਹਲ ਵੀ ਪੰਜਾਬੀ ਫਿਲਮਾਂ ਵਿਚ ਆਇਆ ਇਕ ਅਜਿਹਾ ਯੁਵਕ ਹੈ ਜਿਸ ਵਿਚ ਕਲਾ ਤੇ ਪੱਕਾ ਇਰਾਦਾ ਦੋਵੇਂ ਗੁਣ ਹਨ. ਤੇ ਇਕ ਗੁਣ ਹੋਰ ਇਹ ਹੈ ਕਿ ਇਸਨੇਜਵਾਨੀ ਦੀਆਂ ਦਹਿਲੀਜਾਂ ਤੇ ਹੁਣੇ ਹੁਣੇ ਹੀ ਕਦਮ ਰਖਿਆ ਹੈ. ਫਿਰ ਪੰਜਾਬੀ ਫ਼ਿਲਮਾਂ ਵਿਚ ਕਿਸੇ ਸੱਜਰੇ ਚੇਹਰੇ ਦੀ ਲੋੜ ਵੀ ਤਾਂ ਹੈ, ਕਿਉਂਕਿ ਅਜ ਦੀਆਂ ਪੰਜਾਬੀ ਫਿਲਮਾਂ ਵਿਚ ਸਾਰੇ ਹੀਰੋ ਅੱਧਖੜ ਜਿਹੇ ਹਨ ਅਤੇ ਆਪਣੀ ਢਲਦੀ ਜਵਾਨੀ ਵਿਚ ਹਨ ਅਤੇ ਪੰਜਾਬੀ ਦਰਸ਼ਕ ਵੀ ਦੋ ਤਿੰਨ ਚਿਹਰਿਆਂ ਨੂੰ ਵੇਖਦੇ ਉਕਤਾ ਗਏ ਹਨ. ਲੈਂਬਰ ਪਾਹਲ ਦਾ ਜਨਮ ਜਲੰਧਰ ਜਿਲੇ ਦੇ ਗਮਟਾਲਾ ਪਿੰਡ ਵਿਚ ਹੋਇਆ.ਲੈਂਬਰ ਨੇ ਜੰਡਿਆਲਾ ਕਾਲਜ ਵਿਚ ਆਪਣੀ ਵਿਦਿਆ ਪੂਰੀ ਕੀਤੀ. ਇਥੇ ਇਸਨੇ ਸਟੇਜ ਤੇ ਗਾਇਕ ਦੇ ਤੌਰ ਤੇ ਪ੍ਰਸਿਧੀ ਖੱਟੀ. ਫੇਰ ਇਹ ਕਨੇਡਾ ਚਲਿਆ ਗਿਆ ਪਰ ਸਭਿਆਚਾਰਕ ਸ਼ੌਕ ਨਾ ਛਡਿਆ ਅਤੇ ਕਨੇਡਾ ਦੀ ਭੰਗੜਾ ਟੀਮ ਵਿਚ ਥਾਂ ਪ੍ਰਾਪਤ ਕੀਤਾ. ਹੌਲੀ ਹੌਲੀ ਲੈਂਬਰ ਕਨੇਡਾ ਟੀ.ਵੀ. ਤੇ ਗਾਇਕ ਦੇ ਤੌਰ ਤੇ ਪੁਜ ਗਿਆ ਅਤੇ ਕਈ ਪ੍ਰੋਗਰਾਮਾਂ ਵਿਚ ਹਿਸਾ ਲਿਆ. ਇਸੇ ਦੌਰਾਨ ਲੈਂਬਰ ਭਾਰਤ ਪਰਤਿਆ ਅਤੇ ਕੁਝ ਕਰਨ ਦੀ ਚਾਹ ਵਿਚ ਇਕ ਫਿਲਮ ਨਿਰਮਾਣ ਦਾ ਕੰਮ ਸ਼ੁਰੂ ਜਿਸਦਾ ਨਾ 'ਰੂਪ ਸ਼ੌਕੀਨਣ ਦਾ' ਰਖਿਆ. ਇਸ ਫਿਲਮ ਵਿਚ ਲੈਂਬਰ ਸਾਈਡ ਹੀਰੋ ਦੇ ਰੂਪ ਵਿਚ ਕੰਮ ਕਰ ਰਿਹਾ ਹੈ. ਉਹ ਆਖਦਾ ਹੈ ਕਿ "ਮੈਂ ਪੂਰੀ ਮਿਹਨਤ ਤੇ ਲਗਨ ਨਾਲ ਕੰਮ ਕੀਤਾ ਹੈ. ਜੇ ਮੈਨੂੰ ਲੋਕਾਂ ਦਾ ਭਰਪੂਰ ਪਿਆਰ ਮਿਲਿਆ ਤਾਂ ਮੈਂ ਕੁਝ ਬਣਕੇ ਦਿਖਾਵਾਂਗਾ." ਇਹ ਕਾਫੀ ਹਦ ਤਕ ਲੋਕਾਂ ਉਤੇ ਵੀ ਨਿਰਭਰ ਹੈ ਕਿ ਉਹ ਲੈਂਬਰ ਨੂੰ ਪਸੰਦ ਕਰਦੇ ਹਨ ਕਿ ਨਹੀਂ ?

ਬੰਬਈ ਦੀ ਫ਼ਿਲਮੀ ਸਨਅਤ ਨੂੰ ਤਕਰੀਬਨ ਇਸ ਗੱਲ ਦਾ ਪੱਕਾ ਯਕੀਨ ਹੋ ਚੁਕਾ ਸੀ ਕਿ ਆਪਣੀ ਪਹਿਲੀ ਹੀ ਫ਼ਿਲਮ ਨਾਲ ਅਦਾਕਾਰਾ ਅਤੇ ਗੁਲੂਕਾਰਾ ਵਜੋਂ ਸਥਾਪਤ ਹੋ ਜਾਣ ਵਾਲੀ ਸਲਮਾ ਆਗਾ ਹੁਣ ਵਾਪਸ ਬੰਬਈ ਆਕੇ ਫ਼ਿਲਮਾਂ ਲਈ ਕੰਮ ਨਹੀਂ ਕਰੇਗੀ, ਪਰ ਫੇਰ ਖਬਰ ਆਈ ਕਿ ਸ਼ੋਮੈਨ ਰਾਜ ਕਪੂਰ ਨੇ ਸਲਮਾ ਨੂੰ ਆਪਣੀ ਫ਼ਿਲਮ 'ਰਾਮ ਤੇਰੀ ਗੰਗਾ ਮੈਲੀ' ਲਈ ਹੀਰੋਇਨ ਸਾਈਨ ਕਰ ਲਿਆ ਹੈ, ਪਰ ਇਸ ਦੇ ਬਾਵਜੂਦ ਇਹ ਕਿਹਾ ਜਾਂਦਾ ਰਿਹਾ ਕਿ ਸਲਮਾ ਆਗਾ ਵਾਪਸ ਬੰਬਈ ਨਹੀਂ ਆਉਣ ਵਾਲੀ, ਉਹ ਬਦੇਸ਼ੀ ਫ਼ਿਲਮਾਂ ਵਿਚ ਹੀ ਕੰਮ ਕਰੇਗੀ. ਪਰ ਬੀਤੇ ਹਫਤੇ ਇਕ ਕਾਫੀ ਵਡੀ ਫ਼ਿਲਮ ਦਾ ਐਲਾਨ ਹੋਇਆ ਹੈ, ਜਿਸ ਦੀ ਹੀਰੋਇਨ ਸਲਮਾ ਆਗਾ ਹੈ. ਫ਼ਿਲਮ ਦਾ ਨਿਰਦੇਸ਼ਕ ਉਸਦਾ ਮੰਗੇਤਰ ਮਹਿਮੂਦ ਸਿਪਰਾ ਹੋਵੇਗਾ



ਐਸ. ਐਸ. ਪਰੋਡਕਸ਼ਨ ਦੇ ਬੈਨਰ ਹੇਠ ਬਣਨ ਵਾਲੀ ਇਸ ਫ਼ਿਲਮ ਦਾ ਨਾਂਅ ਹੈ—ਬੇਗਮ ਸਾਹਿਬਾ. ਸਲਮਾ ਨੇ ਪਿਛੇ ਜਿਹੇ ਹੀ ਲੰਡਨ ਤੋਂ ਵਾਪਸ ਬੰਬਈ ਆਕੇ ਇਕ ਪੰਜਾਬੀ ਫ਼ਿਲਮ 'ਪਾਲੀ' ਲਈ ਇਕ ਗੀਤ ਵੀ ਰਿਕਾਰਡ ਕਰਵਾਇਆ ਹੈ.

ਲੈਂਹਬਰ ਪਾਹਲ ਤੇ ਰਜਨੀਬਾਲਾ ਪੰਜਾਬੀ ਫਿਲਮ 'ਰੂਪ ਸ਼ੌਕੀਨਣ ਦਾ' ਵਿਚ "ਰੱਬ ਵਰਗਾ ਆਸਰਾ ਤੇਰਾ" ਗੀਤ ਗਾਉਂਦੇ ਹੋਏ.



ਕਿਰਾਏ ਲਈ ਖਾਲੀ

ਤਿੰਨ ਬੈਡਰੂਮ ਦੀ ਗਰਾਊਂਡ ਫਲੋਰ ਤੇ ਬੇਸਮਿੰਟ ਸਵੀਟ ਕਿਰਾਏ ਲਈ ਖਾਲੀ ਹੈ। ਸਕੂਲ, ਬੱਸ ਸਟੌਪ ਦੇ ਨਜ਼ਦੀਕ ਹੈ। Non-Smoker ਹੋਵੇ ਤੇ ਕੁੱਤਾ ਬਿੱਲੀ ਨਾ ਰੱਖਿਆ ਹੋਵੇ। ਕਿਰਾਇਆ 400 ਡਾਲਰ — ਹੀਟ, ਲਾਈਟ, ਵਿਚੇ ਸ਼ਾਮਲ ਹੈ। 22 ਐਵੇਨਿਊ ਤੇ ਨੈਨੇਮੋ ਸਟਰੀਟ ਦੇ ਨਜ਼ਦੀਕ ਹੈ। ਫੋਨ :— 437-3216

MATRIMONIAL

Doctor/Engineer match for Ramgarhia girl brought-up in U.S. with B.Sc. in the medical profession. Please enclose photograph with particulars in response.

A.S.A C/o The Canada Darpan
P.O. BOX 67344 STN. 'O'
VANCOUVER, B.C. V5W 3T1

ਸ਼ੁਭ ਵਿਆਹ

ਬੀਬੀ ਪਰਮਿੰਦਰ ਕੌਰ ਚਾਹਲ ਸਪੁੱਤਰੀ ਸ: ਸਰਜੀਤ ਸਿੰਘ ਚਾਹਲ ਪਿੰਡ ਛੱਜਾਵਾਲ ਦਾ ਵਿਆਹ ਸ੍ਰ. ਸ਼ਸ਼ਪਾਲ ਸਿੰਘ ਗਰੇਵਾਲ ਸਪੁੱਤਰ ਸ੍ਰ. ਜਸਵੰਤ ਸਿੰਘ ਗਰੇਵਾਲ ਖੰਨਾ ਨਿਵਾਸੀ ਨਾਲ 9 ਅਕਤੂਬਰ 1983 ਨੂੰ ਗੁਰੂ ਘਰ ਨਿਊਵੈਸਟ ਵਿਚ ਖੁਸ਼ੀਆਂ ਵਿਚ ਸੰਪੰਨ



ਰਿਸ਼ਤੇਦਾਰਾਂ ਨਾਲ ਬੀਬੀ ਪਰਮਿੰਦਰ ਕੌਰ ਅਤੇ ਸ਼ਸ਼ਪਾਲ ਸਿੰਘ ਗਰੇਵਾਲ ਖੜੇ ਹਨ।

(ਸਫਾ 16 ਦੀ ਬਾਕੀ)

ਕੋਟਲਾ ਦੇ ਨਵਾਬ ਨੇ ਮ੍ਰਿਤਕ ਸਰੀਰਾਂ ਦਾਂ ਸਸਕਾਰ ਕੀਤਾ। ਇਹ ਭੁੱਲ ਵੈਨਕੂਵਰ ਵਿਚ ਬੈਠੇ ਹੋਏ ਕਿਸੇ ਨਾ-ਅਹਿਲ ਕੰਮਪਾਜ਼ੀਟਰ ਦੀ ਹੈ। ਜਿਸ ਨੇ ਨਵਾਬ ਦਾ ਨਾਮ ਸਾਹਿਬਜ਼ਾਦਿਆਂ ਦੇ ਸਰੀਰਾਂ ਨਾਲ ਜੋੜ ਦਿੱਤਾ।" ਇਸ ਦੇ ਨਾਲ ਹੀ ਪੁਸਤਕਾਰੀ ਦੇ ਕਿਸੇ ਅੰਤਰਰਾਸ਼ਟਰੀ ਸਿਧਾਂਤ ਦਾ ਹਵਾਲਾ ਦੇਂਦੇ ਹੋਏ ਉਹ ਇਹ ਵੀ ਕਹਿਣਗੇ ਕਿ ਇਸ ਪ੍ਰਕਾਰ ਦੀ ਭੁੱਲ ਦੀ ਸੋਧ ਇਕ ਥੋੜੀ ਬੁੱਧੀ ਵਾਲਾ ਪਾਠਕ ਵੀ ਕਰ ਸਕਦਾ ਹੈ।

2. ਗਿਆਨੀ ਜੀ ਇਹ ਵੀ ਕਹਿ ਸਕਦੇ ਹਨ ਕਿ ਮੈਂ ਆਪਣੇ ਵਿਰੋਧੀ ਨੂੰ ਗਲਤ ਸਿੱਧ ਕਰਨ ਲਈ ਇਕ ਛੋਟੇ ਜੇਹੇ ਕੋਰੇ ਕੂੜ ਦੀ ਵਰਤੋਂ ਕੀਤੀ ਸੀ, ਇਸ ਵਿਚ ਕੀ ਬੁਰਾਈ ਹੈ?

3. ਇਸ ਔਖਿਆਈ ਦੇ ਸਮੇਂ ਗਿਆਨੀ ਜੀ ਇਹ ਟੇਕ ਵੀ ਲੈ ਸਕਦੇ ਹਨ: "ਮੈਂ ਲੇਖ ਜ਼ਰੂਰ ਲਿਖ ਕੇ ਦਿਤਾ ਹੈ, ਪਰ ਲੇਖ ਇਕ ਵੱਖਰੇ ਵਿਅਕਤੀ ਦੇ ਹਸਤਾਖਰ ਹੇਠ ਛਪਿਆ ਹੈ। ਜੇ ਲੇਖ ਵਿਚ ਕੋਈ ਗਲਤ ਵਾਕ ਲਿਖਿਆ ਗਿਆ ਤਾਂ ਇਸਦੀ ਜ਼ਿੰਮੇਵਾਰੀ ਉਸ ਵਿਅਕਤੀ ਦੀ ਹੈ ਜਿਸ ਨੇ ਆਪਣੀਆਂ ਅੱਖਾਂ ਬੰਦ ਕਰਕੇ ਲੇਖ ਤੇ ਦਸਤਖਤ ਕੀਤੇ ਹਨ। ਇਸ ਸਬੰਧ ਵਿਚ ਮੇਰੇ ਤੇ ਕੋਈ ਜ਼ਿੰਮੇਵਾਰੀ ਨਹੀਂ ਆਉਂਦੀ।"

ਪਾਠਕ ਜੀਓ, ਇਸ ਸਮੇਂ ਇਕ ਹੋਰ ਮੁਸ਼ਕਲ ਗਿਆਨੀ ਜੀ ਦੇ ਸਾਹਮਣੇ ਆ ਖੜੋਤੀ ਹੈ। ਉਹਨਾਂ ਦੇ ਲਿਖੇ ਲੇਖਾਂ ਉਪਰ ਸਹੀ ਪਾਉਣ ਵਾਲੇ ਸੇਵਕਾਂ ਦੀ ਗਿਣਤੀ ਘੱਟਦੀ ਜਾ ਰਹੀ ਹੈ। ਇਹ ਵੀ ਸੰਭਵ ਹੈ ਕਿ ਅਗੇ ਲਈ ਉਹਨਾਂ ਨੂੰ ਲੇਖਾਂ ਤੇ ਸਹੀ ਪਾਉਣ ਵਾਲਾ ਕੋਈ ਸੇਵਾਦਾਰ ਨਾ ਮਿਲ ਸਕੇ। ਜੇ ਇਹ ਗਲ ਹੋ ਗਈ ਤਾਂ ਸਾਡੇ ਆਦਰਨੀਯ ਗਿਆਨੀ ਜੀ ਵਲੋਂ ਤੁਹਾਨੂੰ ਉੱਪਰ ਲਿਖੇ ਸਵਾਲਾਂ ਦਾ ਕੋਈ ਜਵਾਬ ਨਹੀਂ ਮਿਲ ਸਕੇਗਾ। ਪਰਦਾਧਾਰ ਗਿਆਨੀ ਜੀ ਇਸ ਪ੍ਰਕਾਰ ਦੇ ਮਹਾਂ ਪੁਰਸ਼ ਹਨ ਜੋ ਆਪਣੇ ਲੇਖ ਨੂੰ ਆਪਣੇ ਨਾਮ ਥੱਲੇ ਛਪਵਾਉਣ ਦੀ ਕਦੇ ਵੀ ਹਿੰਮਤ ਨਹੀਂ ਕਰ ਸਕਦੇ।

'ਕੈਨੇਡਾ ਦਰਪਣ' ਦੇ
ਚੰਦੇ ਦਾ ਫ਼ਾਰਮ
SUBSCRIPTION FORM

To

The Canada Darpan
P.O.Box. 67344, STN.'O'
VANCOUVER, B.C.
CANADA V5W 3T1

Phone.(604)324-6111 Or 321-6360

I am enclosing a ☐ cheque ☐ M.O. ☐ Draft as my Subscription for the year(s).......I may be sent the newspaper at the following adress :

Name..
Address...
City..
Province...
Postal code...
PHONE.

One Year	20 dollars
Two Year	35 dollars
Three year	50 dollars
Life membership	200 dollars
ASIA	80 dollars(a year)
U.S.A.	25 dollars(a year)
Europe	80 dollars(a year)
Africa	80 dollars(a year)

ਕਿਸੇ ਹੋਰ ਥਾਂ ਮੂਵ ਹੋ ਰਹੇ ਹੋ?
ਕ੍ਰਿਪਾ ਕਰਕੇ ਸਾਨੂੰ ਜ਼ਰੂਰ ਦੱਸੋ।

ਚਿਟ ਨੰਬਰ------------------------
ਪੁਰਾਣਾ ਪਤਾ------------------------

ਨਵਾਂ ਪਤਾ ਸਟਰੀਟ/ਐਵੇਨਿਊ------------------------
ਟਾਊਨ------------------------
ਸਟੇਟ------------------------
ਪੋਸਟਲ ਕੋਡ------------------------
ਫੋਨ ਨੰਬਰ------------------------

FOR YOUR 649 LOTTO CENTRE

Play your lotto Number

You might be the next millionair - meanwhile SAVE - SAVE shopping at

AMBIKA FOODS

5125 Victoria Drive
Vancouver, B.C. Canada
PHONE: 327—0295

ATTA 10 kg. 3.99 with coupon ਆਟਾ	**SUGAR** 10 kg. 6.99 ਖੰਡ	**SAFFLO OIL** 4.49 3 lit. ਸੇਫਲੋ ਤੇਲ
VEGETABLE OIL 2.99 3 lit. ਵੈਜੀਟੇਬਲ ਤੇਲ	**CHANA FLOUR** 2.49 2 kg. ਛੋਲਿਆਂ ਦਾ ਆਟਾ	**PANCHRANGA ACHAR** 750 gm. 1.89 ਪਚਰੰਗਾ ਆਚਾਰ
MILK 4 lit homo 3.39 ਦੁੱਧ	**KALA CHANA** 59¢ lb. ਕਾਲੇ ਛੋਲੇ	**MANH** 49¢ lb. ਮਾਂਹ
ROOH AFZA 3.99 ਰੂਹ ਅਫ਼ਜ਼ਾ	**NEW RECORD** for Diwali Gift 5.99 ਨਵੇਂ ਰਿਕਾਰਡ	**STAINLESS STEEL JUG** 8.99 each ਸਟੇਨਲਿਸ ਸਟੀਲ ਜੱਗ
ALMOND 4 lb. 8.89 ਬਦਾਮ	**GRIND YOUR OWN MASALA AT OUR NEW GRINDING MACHINE** ਮਸਾਲਾ ਪੀਹਣ ਵਾਲੀ ਨਵੀਂ ਮਸ਼ੀਨ ਤੇ ਆਪਣਾ ਮਸਾਲਾ ਪੀਹ ਕੇ ਦੇਖੋ	SAVE **$1.00** 10 kg. ATTA with coupon